# ਡਿਸਟੈਂਸ ਐਜੂਕੇਸ਼ਨ ਵਿਭਾਗ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਬੀ. ਏ. 2 (ਐਜੂਕੇਸ਼ਨ) ਸਮੈਸਟਰ ਚੌਥਾ

ਪੇਪਰ : ਅਧਿਆਪਨ ਸਿੱਖਣ ਪ੍ਰਕ੍ਰਿਆ ਯੂਨਿਟ : 2

ਮੀਡੀਅਮ : ਪੰਜਾਬੀ

ਪਾਠ ਨੰ.


2.1 : ਅਧਿਆਪਨ ਜੁਗਤਾਂ: ਅਸਾਈਨਮੈਂਟ, ਪ੍ਰਸ਼ਨ ਪੁਛਣਾ, ਦ੍ਰਿਸਟਾਂਤ ਅਤੇ ਸਪੱਸ਼ਟ ਕਰਨਾ

2.2 : ਅਧਿਆਪਨ ਦੇ ਮਨੋਵਿਗਿਆਨਕ ਅਤੇ ਸਧਾਰਣ ਸਿਧਾਂਤ, ਅਧਿਆਪਨ ਦੇ ਸੂਤਰ

2.3 : ਪ੍ਰੇਰਣਾ ਦਾ ਅਰਥ, ਕਿਸਮਾਂ ਅਤੇ ਅਧਿਆਪਨ ਸਿੱਖਣ ਪ੍ਰਕ੍ਰਿਆ ਵਿਚ ਪ੍ਰੇਰਣਾ ਦੀ ਮਹੱਤਤਾ

2.4 : ਵਿਸ਼ੇਸ਼ ਬੱਚੇ-ਸਕੰਲਪ, ਕਿਸਮਾਂ-ਜ਼ਹੀਨ, ਸ਼ਰਾਰਤੀ ਅਤੇ ਵਿਦਿਅਕ ਤੌਰ ਤੇ ਪਛੜੇ ਹੋਏ ਬੱਚੇ-ਉਨ੍ਹਾਂ ਦੀ ਪਛਾਣ, ਗੁਣ ਅਤੇ ਸਿੱਖਿਆ



**Department website : www.pbidde.org**

## ਅਧਿਆਪਨ-ਸਿੱਖਣ ਪ੍ਰਕਿਆ

## ਅਧਿਆਪਨ ਜੁਗਤਾਂ :
## ਅਸਾਈਨਮੈਂਟ, ਪ੍ਰਸ਼ਨ-ਪੁਛਣ, ਦ੍ਰਿਸ਼ਟਾਂਤ ਅਤੇ ਸਪੱਸ਼ਟ ਕਰਨਾ

**ਪਾਠ ਨੰ : 2.1**

**ਲੇਖਕ : ਡਾ. ਪਰਮਜੀਤ ਕੌਰ ਸੰਧੂ**

ਬਣਤਰ :

2.1.1 ਉਦੇਸ਼
2.1.2 ਜਾਣ-ਪਛਾਣ
2.1.3 ਅਧਿਆਪਨ ਜੁਗਤਾਂ ਦਾ ਅਰਥ
2.1.3.1 ਪ੍ਰਮੁੱਖ ਅਧਿਆਪਨ ਜੁਗਤਾਂ
2.1.4 ਅਸਾਈਨਮੈਂਟ ਜੁਗਤ/ਸੌਂਪਣੀਆਂ
2.1.4.1 ਅਸਾਈਨਮੈਂਟ ਦੇ ਉਦੇਸ਼
2.1.4.2 ਚੰਗੀ ਅਸਾਈਨਮੈਂਟ ਦੀਆਂ ਵਿਸ਼ੇਸ਼ਤਾਵਾਂ
2.1.4.3 ਅਸਾਈਨਮੈਂਟ ਲਈ ਸਮੱਗਰੀ
2.1.4.4 ਅਸਾਈਨਮੈਂਟ ਦਾ ਮੁਲਾਂਕਣ
2.1.5 ਪ੍ਰਸ਼ਨ ਪੁੱਛਣਾ
2.1.5.1 ਪ੍ਰਸ਼ਨ ਦੀਆਂ ਕਿਸਮਾਂ
2.1.5.2 ਚੰਗੇ ਪ੍ਰਸ਼ਨ ਪੁੱਛਣ ਦੀਆਂ ਵਿਸ਼ੇਸ਼ਤਾਵਾਂ
2.1.5.3 ਪ੍ਰਸ਼ਨ ਪੁੱਛਣ ਜੁਗਤ ਦੇ ਲਾਭ
2.1.5.4 ਪ੍ਰਸ਼ਨ ਪੁੱਛਣ ਜੁਗਤ ਦੀਆਂ ਸੀਮਾਵਾਂ
2.1.5.5 ਪ੍ਰਸ਼ਨ ਪੁੱਛਣ ਦੇ ਪ੍ਰਭਾਵਸ਼ਾਲੀ ਪ੍ਰਯੋਗ ਸੰਬੰਧੀ ਸੁਝਾਅ
2.1.6 ਦ੍ਰਿਸ਼ਟਾਂਤ ਜੁਗਤ
2.1.6.1 ਦ੍ਰਿਸ਼ਟਾਂਤ ਜੁਗਤ ਦੇ ਲਾਭ
2.1.6.2 ਦ੍ਰਿਸ਼ਟਾਂਤ ਜੁਗਤ ਦੀਆਂ ਸੀਮਾਵਾਂ
2.1.6.3 ਦ੍ਰਿਸ਼ਟਾਂਤ ਜੁਗਤ ਦੀ ਪ੍ਰਭਾਵਸ਼ਾਲੀ ਵਰਤੋਂ ਸੰਬੰਧੀ ਸੁਝਾਅ
2.1.7 ਸਪੱਸ਼ਟ ਕਰਨਾ
2.1.7.1 ਸਪਸ਼ਟੀਕਰਣ ਜੁਗਤ ਦੇ ਲਾਭ
2.1.7.2 ਸਪਸ਼ਟੀਕਰਣ ਜੁਗਤ ਦੀਆਂ ਸੀਮਾਵਾਂ
2.1.7.3 ਸਪਸ਼ਟੀਕਰਣ ਜੁਗਤ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਸੁਝਾਅ
2.1.8 ਸਾਰ
2.1.9 ਅਭਿਆਸ ਪ੍ਰਸ਼ਨ
2.1.10 ਸੁਝਾਈਆਂ ਗਈਆਂ ਪੁਸਤਕਾਂ

### 2.1.1 ਉਦੇਸ਼ :

ਇਸ ਪਾਠ ਨੂੰ ਪੜ੍ਹਨ ਉਪਰੰਤ ਵਿਦਿਆਰਥੀ :

1. ਅਧਿਆਪਨ ਜੁਗਤਾਂ ਦੇ ਸੰਕਲਪ ਤੋਂ ਜਾਣੂ ਹੋਣਗੇ।
2. ਅਧਿਆਪਨ ਦੀਆਂ ਵੱਖ-ਵੱਖ ਜੁਗਤਾਂ ਬਾਰੇ ਦੱਸ ਸਕਣਗੇ।
3. ਵੱਖ-ਵੱਖ ਜੁਗਤਾਂ ਦੀ ਵਰਤੋਂ ਕਰਨ ਦੇ ਯੋਗ ਹੋਣਗੇ।

**2.1.2 ਜਾਣ-ਪਛਾਣ :**

ਅਧਿਆਪਨ ਦੇ ਮੁਕਾਬਲੇ ਵਿਚ ਭਾਂਵੇਂ ਸਿੱਖਿਆ ਵਿਸ਼ਾਲ ਹੈ, ਪਰ ਅਧਿਆਪਨ ਵੀ ਸਿੱਖਿਆ ਦਾ ਅਟੁੱਟ ਅੰਗ ਹੈ। ਪੜ੍ਹਾਉਣ ਦੇ ਵਿਗਿਆਨ ਨੂੰ ਅਧਿਆਪਨ ਕਿਹਾ ਜਾਂਦਾ ਹੈ। ਅਧਿਆਪਨ ਇਕ ਨਿਪੁੰਨਤਾਪੂਰਵਕ ਕਾਰਜ ਹੈ। ਅਧਿਆਪਕ, ਆਪਣੇ ਅਧਿਆਪਨ ਕਾਰਜ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਵੱਖ ਵੱਖ ਪ੍ਰਕਾਰ ਦੀਆਂ ਯੋਗਤਾਵਾਂ, ਸਮੱਰਥਾਵਾਂ ਅਤੇ ਨਿਪੁੰਨਤਾਵਾਂ ਦੀ ਵਰਤੋਂ ਕਰਦਾ ਹੈ। ਉਹ ਪਾਠ ਪੜ੍ਹਾਉਣ ਦੇ ਉਦੇਸ਼ ਨਿਰਧਾਰਿਤ ਕਰਦਾ ਹੈ ਤੇ ਫਿਰ ਉਹ ਇਹਨਾਂ ਮਿਥੇ ਉਦੇਸ਼ਾਂ ਦੀ ਪ੍ਰਾਪਤੀ ਲਈ ਕਈ ਢੰਗ, ਸਾਧਨਾਂ ਅਤੇ ਹੁਨਰਾਂ ਦੀ ਵਰਤੋਂ ਕਰਦਾ ਹੈ। ਅਧਿਆਪਨ ਵਿਗਿਆਨ ਦੀ ਭਾਸ਼ਾ ਵਿਚ ਇਹਨਾਂ ਸਾਧਨਾਂ ਨੂੰ ਜੁਗਤਾਂ ਕਿਹਾ ਜਾਂਦਾ ਹੈ।

**2.1.3 ਅਧਿਆਪਨ ਜੁਗਤਾਂ ਦਾ ਅਰਥ (Meaning of Teaching Devices)**

ਪੜ੍ਹਾਉਣਾ ਇਕ ਕਲਾ ਹੈ, ਇਸ ਕਲਾਂ ਵਿਚ ਪ੍ਰਬੀਨਤਾ ਹਾਸਿਲ ਕਰਨ ਲਈ ਅਧਿਆਪਕ ਉਚਿਤ ਵਾਤਾਵਰਨ, ਲੋੜੀਦੀ ਸਹਾਇਕ ਸਮੱਗਰੀ ਇੱਕਠੀ ਕਰਦਾ ਹੈ ਤੇ ਢੁਕਵੇ ਸਮੇ ਅਨੁਸਾਰ ਇਹਨਾਂ ਦੀ ਵਰਤੋ ਕਰਦਾ ਹੈ ਜੋ ਅਧਿਆਪਕ ਆਪਣੇ ਅਧਿਆਪਨ ਨੂੰ ਵਧੇਰੇ ਪ੍ਰਭਾਵਸ਼ਾਲੀ ਅਤੇ ਉਪਯੋਗੀ ਬਣਾਉਣ ਲਈ ਵਰਤਦਾ ਹੈ। ਏ.ਐਚ. ਗਾਰਲਿਕ ਦੇ ਅਨੁਸਾਰ, ''ਅਧਿਆਪਨ ਜੁਗਤਾਂ ਅਧਿਆਪਕ ਦੇ ਔਜ਼ਾਰ ਹਨ ਤੇ ਜੇਕਰ ਕਾਰਜ ਚੰਗੀ ਤਰ੍ਹਾਂ ਕਰਨਾ ਹੈ ਤਾਂ ਉਚਿਤ ਔਜ਼ਾਰਾਂ ਦੀ ਵਰਤੋਂ, ਸਹੀਂ ਤਰੀਕੇ ਨਾਲ ਕਰਨੀ ਜ਼ਰੂਰੀ ਹੈ।'' ("Teaching devices are the teacher's tool and if good work is to be produced the right tools must be used in the right way".--A.H. Garlick) ਇਕ ਅਧਿਆਪਕ ਆਪਣੇ ਅਧਿਆਪਨ ਕਾਰਜ ਦੌਰਾਨ ਉਦੇਸ਼ਾਂ ਦੀ ਪ੍ਰਾਪਤੀ ਲਈ ਸੰਬੰਧਤ ਵਿਸ਼ਾ-ਵਸਤੂ ਨੂੰ ਸਮਝਾਉਣ ਲਈ ਕਦੇ ਵਿਆਖਿਆ ਕਰਦਾ ਹੈ, ਕੁਝ ਕੁ ਵਰਣਨ ਕਰਦਾ ਹੈ, ਕੁਝ ਤੱਥ ਸ਼ਪਸ਼ਟ ਕਰਦਾ ਏ, ਪ੍ਰਸ਼ਨ ਪੁਛਦਾ ਅਤੇ ਆਪਣੇ ਵਿਦਿਆਰਥੀਆਂ ਨੂੰ ਵਿਚਾਰ-ਵਟਾਂਦਰੇ ਅਤੇ ਵਿਚਾਰ ਗੋਸ਼ਟੀਆਂ ਵਿਚ, ਉਹਨਾ ਸਮੂਲੀਅਤ ਦਾ ਕੰਮ ਦਿੰਦਾ ਹੈ, ਤਾਂ ਅਧਿਆਪਕ ਵਖੋ ਵੱਖ ਸਾਧਨਾਂ ਜਾਂ ਤਕਨੀਕਾਂ ਦੀ ਵਰਤੋਂ ਕਰ ਰਿਹਾ ਹੁੰਦਾ ਹੈ ਤਾਂ ਇਸ ਅਧਿਆਪਨ ਪ੍ਰਣਾਲੀ ਵਿਚ ਉਹ ਅਧਿਆਪਨ ਜੁਗਤਾਂ ਦੀ ਵਰਤੋਂ ਕਰ ਰਿਹਾ ਹੁੰਦਾ ਹੈ। ਸੋ ਇਸ ਤਰ੍ਹਾਂ ਅਧਿਆਪਨ ਜੁਗਤਾਂ ਤੋਂ ਭਾਵ ਉਹਨਾਂ ਵਿਸ਼ੇਸ਼ ਯੋਜਨਾਵਾਂ ਅਨੁਸਾਰ ਕਾਰਜ ਪ੍ਰਣਾਲੀਆਂ, ਸਾਧਨਾਂ, ਤਰਕੀਬਾਂ ਅਤੇ ਨਿਪੁੰਨਤਾਵਾਂ ਦੀ ਵਰਤੋਂ ਤੋਂ ਹੁੰਦਾ ਹੈ ਜਿੰਨ੍ਹਾਂ ਦੀ ਇਕ ਅਧਿਆਪਕ ਉਚਿਤ ਸਮੇਂ ਅਨੁਸਾਰ ਆਪਣੇ ਅਧਿਆਪਨ ਦੌਰਾਨ ਇਸ ਲਈ ਵਰਤਦਾ ਹੈ ਤਾਂ ਜੋ ਉਹ ਅਧਿਆਪਨ ਉਦੇਸ਼ਾਂ ਦੀ ਪ੍ਰਾਪਤੀ ਸਫਲਤਾਪੂਰਵਕ ਕਰ ਸਕੇ। ਅਧਿਆਪਨ ਨੇ ਪ੍ਰਭਾਵਸ਼ਾਲੀ ਬਣਾਉਣ ਲਈ ਉਚਿਤ ਸਾਧਨਾਂ ਦੀ ਉਚਿਤ ਸਮੇਂ ਉਪਰ ਵਰਤੋਂ ਕਰਨਾ ਅਧਿਆਪਨ ਜੁਗਤਾਂ ਅਖਵਾਉਂਦਾ ਹੈ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਇਹ ਅਧਿਆਪਨ ਜੁਗਤਾਂ ਕਿਹੜੀਆਂ-ਕਿਹੜੀਆਂ ਹਨ?

**2.1.3.1 ਪ੍ਰਮੁੱਖ ਅਧਿਆਪਨ ਜੁਗਤਾਂ (Major Teaching Devices)**

1. ਪ੍ਰਸ਼ਨ-ਪੁਛਣਾ, ਉੱਤਰ ਦੇਣਾ (Questioning and answering)
2. ਬਿਰਤਾਂਤ ਕਰਨਾ (Narration)
3. ਵਿਆਖਿਆ ਕਰਨਾ (Explanation)
4.. ਵਰਨਣ ਕਰਨਾ (Descriptive)
5. ਸਪੱਸ਼ਟ ਕਰਨਾ (Exposition)
6. ਦ੍ਰਿਸ਼ਟਾਂਤ ਕਰਨਾ (Illustration)
7. ਪੜ੍ਹਾਉਣ ਸਹਾਇਕ ਸਮੱਗਰੀ ਦੀ ਵਰਤੋਂ (Using teaching aids)
8. ਲਾਇਬਰੇਰੀ ਦੀ ਵਰਤੋਂ (Using Library)
9. ਮੁਲਾਂਕਣ ਕਰਨਾ (Evaluation)
10. ਡਰਿਲ ਜਾਂ ਅਭਿਆਸ ਕਰਾਜ (Drill work)
11. ਘਰ ਦਾ ਕੰਮ (Home work)
12. ਅਸਾਈਨਮੈਂਟ (Assignment)

ਉਪਰ ਦਿੱਤੀਆਂ ਗਈਆਂ ਜੁਗਤਾਂ ਵਿਚੋਂ ਕੁਝ ਕੁ ਵਰਣਨ ਹੇਠ ਲਿਖੇ ਅਨੁਸਾਰ ਹੈ :-

**2.1.4 ਅਸਾਈਨਮੈਂਟ ਜੁਗਤ/ਸੌਂਪਣੀਆਂ :**

ਅਸਾਈਨਮੈਂਟ ਤੋਂ ਭਾਵ ਵਿਦਿਆਰਥੀ ਜਾਂ ਕਲਾਸ ਨੂੰ ਕੁਝ ਕੰਮ ਘਰੋਂ ਕਰਨ ਲਈ ਦਿੱਤਾ ਜਾਂਦਾ ਹੈ। ਇਸ; ਜੁਗਤ ਰਾਹੀਂ ਵਿਦਿਆਰਥੀ ਨੇ ਜੋ ਪੜ੍ਹਿਆ ਹੁੰਦਾ ਹੈ ਉਸਨੂੰ ਨਾਲ ਸੰਬੰਧਤ ਹੋਰ ਪੜ੍ਹਨ ਸਮੱਗਰੀ ਨੂੰ ਇਕਠਾ ਕਰਨ ਅਤੇ ਪੜਨ ਲਈ ਦਿੱਤਾ ਜਾਂਦਾ ਹੈ। ਅਸਾਈਨਮੈਂਟ ਉਸ ਨੂੰ ਕਿਹਾ ਜਾਂਦਾ ਹੈ ਜੋ ਉਪ-ਵਿਸ਼ਾ ਅਧਿਆਪਕ ਵਿਦਿਆਰਥੀ ਨੂੰ ਦਿੰਦਾ ਹੈ ਤੇ ਵਿਦਿਆਰਥੀ ਉਸਦਾ ਡੂੰਘਾ ਅਧਿਐਨ ਕਰਕੇ, ਉਸ ਉਪ-ਵਿਸ਼ੇ ਬਾਰੇ ਪੂਰਾ ਪਰਚਾ ਤਿਆਰ ਕਰਕੇ ਲਿਆਉਂਦਾ ਹੈ। ਇਸ ਜੁਗਤ ਰਾਹੀਂ ਵਿਦਿਆਰਥੀ ਸਵੈ-ਯਤਨਾਂ ਰਾਹੀਂ ਗਿਆਨ ਪ੍ਰਾਪਤ ਕਰਦੇ ਅਤੇ ਸਮੱਸਿਆ ਦਾ ਸਮਾਧਾਨ ਕਰਦੇ ਹਨ। ਅਧਿਆਪਕ ਦੀ ਭੂਮਿਕਾ, ਇਸ ਜੁਗਤ ਵਿਚ ਅਗਵਾਈਕਰਤਾ ਵਾਲੀ ਹੀ ਹੁੰਦੀ ਹੈ। ਸੋ ਅਸਾਈਨਮੈਂਟ ਜੁਗਤ ਤੋਂ ਭਾਵ ਹੈ ਜੋ ਵਿਦਿਆਰਥੀਆਂ ਨੂੰ ਪਹਿਲਾਂ ਪੜ੍ਹਾਇਆ ਜਾ ਚੁੱਕਾ ਉਸ ਬਾਰੇ ਪੜ੍ਹਨ ਸਮੱਗਰੀ ਨੂੰ ਇੱਕਠਾ ਤੇ ਸੰਗਠਤ ਕਰਨਾ ਹੈ।

**2.1.4.1 ਅਸਾਈਨਮੈਂਟ ਦੇ ਉਦੇਸ਼** : ਅਸਾਈਨਮੈਂਟ ਦੇਣ ਦੇ ਹੇਠ ਲਿਖੇ ਉਦੇਸ਼ ਹਨ :

(1) ਅਸਾਈਨਮੈਂਟ ਵਿਦਿਆਰਥੀਆਂ ਵਿੱਚ ਰੁਚੀ ਅਤੇ ਧਿਆਨ ਪੈਦਾ ਕਰਨ ਲਈ ਅਤੇ ਆਪਣੇ ਆਪ ਪੜ੍ਹਨ ਲਈ ਪ੍ਰੇਰਨਾ ਪ੍ਰਦਾਨ ਕਰਦਾ ਹੈ।

(2) ਇਹ ਵਿਦਿਆਰਥੀਆਂ ਵਿੱਚ ਪ੍ਰਭਾਵਸ਼ਾਲੀ ਪੜ੍ਹਨ ਦੀ ਆਦਤਾਂ ਦਾ ਵਿਕਾਸ ਕਰਦੀ ਹੈ।

(3) ਕਲਾਸ ਵਿੱਚ ਪੜਾਏ ਗਏ ਵਿਸ਼ਾ-ਵਸਤੂ ਦੇ ਨਾਲ ਵਾਧੂ ਪੜ੍ਹਨ ਸਮਗਰੀ ਇਕੱਠਾ ਕਰਨ ਤੇ ਪੜ੍ਹਨ ਲਈ ਤਿਆਰ ਕਰਦੀ ਹੈ।

**2.1.4.2 ਚੰਗੀ ਅਸਾਈਨਮੈਂਟ ਦੀਆਂ ਵਿਸ਼ੇਸ਼ਤਾਵਾਂ**

(1) ਇਹ ਲਾਭਦਾਇਕ ਅਤੇ ਨਿਸ਼ਚਿਤ ਹੋਣੀ ਚਾਹੀਦੀ ਹੈ।

(2) ਇਹ ਕੁਝ ਸੋਚਣ ਤੇ ਸਿੱਖਣ ਨੂੰ ਉਤੇਜਤ ਕਰਨ ਵਾਲੀ ਹੋਣੀ ਚਾਹੀਦੀ ਹੈ।

(3) ਇਹ ਰੋਚਕ ਅਤੇ ਪ੍ਰਰਨਾਦਾਇਕ ਹੋਣੀ ਚਾਹੀਦੀ ਹੈ।

(4) ਇਹ ਪੁਰਾਣੇ ਅਤੇ ਪਹਿਲਾਂ ਪੜ੍ਹ ਚੁੱਕੇ ਉੱਪ-ਵਿਸ਼ਿਆਂ ਨਾਲ ਸੰਬੰਧਤ ਹੋਣੀ ਚਾਹੀਦੀ ਹੈ।

(5) ਇਹ ਵਿਸ਼ਾ-ਵਸਤੂ ਦੀ ਸਮਝ ਅਤੇ ਅੰਤਰ ਦ੍ਰਿਸ਼ਟੀ ਦਾ ਵਿਕਾਸ ਕਰਨ ਵਾਲੀ ਹੋਣੀ ਚਾਹੀਦੀ ਹੈ।

(6) ਇਹ ਮੁਸ਼ਕਲਾਂ ਨੂੰ ਹੱਲ ਕਰਨ ਅਤੇ ਸਿੱਖਣ ਕਿਰਿਆਵਾਂ ਨੂੰ ਨਿਰਦੇਸ਼ ਦੇਣ ਵਾਲੀ ਹੋਣੀ ਚਾਹੀਦੀ ਹੈ।

**2.1.4.3 ਅਸਾਈਨਮੈਂਟ ਲਈ ਸਮੱਗਰੀ :**

ਅਸਾਈਨਮੈਂਟ ਲਈ ਪੜ੍ਹਨ ਸੱਮਗਰੀ ਵਿਦਿਆਰਥੀਆਂ ਦੀਆਂ ਲੋੜਾਂ ਅਨੁਸਾਰ ਹੋਣੀ ਚਾਹੀਦੀ ਹੈ। ਅਧਿਆਪਕ ਨੂੰ ਵੀ ਅਸਾਈਨਮੈਂਟ ਲਈ ਪਾਠ-ਪੁਸਤਕਾਂ, ਰੈਫਰੈਂਸ, ਕਿਤਾਬਾਂ, ਨਕਸ਼ੇ, ਚਾਰਟ, ਤਸਵੀਰਾਂ ਅਤੇ ਹੋਰ ਪੜ੍ਹਨ ਸਮੱਗਰੀ ਬਾਰੇ ਦੱਸਣਾ ਚਾਹੀਦਾ ਹੈ।

**2.1.4.4 ਅਸਾਈਨਮੈਂਟ ਦਾ ਮੁਲਾਂਕਣ (Evaluation of the Assignment)**

ਅਧਿਆਪਕ ਨੂੰ ਉਸਾਰੂ ਤੇ ਸਕਾਰਤਮਿਕ ਨਤੀਜੇ ਦੇਣ ਲਈ ਅਸਾਈਨਮੈਂਟ ਦਾ ਮੁਲਾਂਕਣ ਕਰਨਾ ਚਾਹੀਦਾ ਹੈ। ਵਿਦਿਆਰਥੀਆਂ ਨੂੰ ਹੋਰ ਪੜ੍ਹਨ ਲਈ ਉਤਸ਼ਾਹਿਤ ਕਰਨ ਵੀ ਅਸਾਈਨਮੈਂਟ ਦਾ ਮੁਲਾਂਕਣ ਜ਼ਰੂਰੀ ਹੈ। ਜੇਕਰ ਕਿਸੇ ਵਿਦਿਆਰਥੀ ਨੂੰ ਕਿਸੇ ਤੱਥ ਬਾਰੇ ਕੋਈ ਭੁਲੇਖਾ ਹੈ ਤਾਂ ਉਸ ਨੂੰ ਅਧਿਆਪਕ ਨਾਲ ਵਿਚਾਰ-ਵਟਾਂਦਰਾ ਕਰਨ ਦਾ ਮੌਕਾ ਦੇ ਣਾ ਚਾਹੀਦਾ ਹੈ। ਅਧਿਆਪਕ ਨੂੰ ਅਸਾਈਨਮੈਂਟ ਚੈਂਕ ਕਰਨ ਸਮੇਂ ਲੋੜੀਂਦਾ ਸੁਝਾਅ ਦੇਣਾ ਚਾਹੀਦਾ ਹੈ। ਜੋ ਕੰਮ ਵਿਦਿਆਰਥੀ ਨੇ ਚੰਗਾ ਕੀਤਾ ਉਸ ਲਈ ਉਨ੍ਹਾਂ ਨੂੰ ਸ਼ਾਬਾਸ਼ ਦੇਣੀ ਚਾਹੀਦੀ ਹੈ। ਅਜੋਕੀ ਸਿੱਖਿਆ ਪ੍ਰਣਾਲੀ ਵਿੱਚ ਅਸਾਈਨਮੈਂਟ ਦੀ ਬਹੁਤ ਮਹੱਤਤਾ ਹੈ।

**2.1.5 ਪ੍ਰਸ਼ਨ ਪੁੱਛਣਾ (Questioning)**

ਪ੍ਰਸ਼ਨ ਪੁੱਛਣਾ ਅਧਿਆਪਨ ਦੀ ਇਕ ਮਹੱਤਵਪੂਰਨ ਰਣਨੀਤੀ (strategies) ਹੈ। ਪ੍ਰਸ਼ਨ ਪੁੱਛਣ ਦੀ ਕਲਾ ਉਪਰ ਨਿਰਭਰ ਕਰਦਾ ਹੈ, ਪ੍ਰਭਾਵਸ਼ਾਲੀ ਅਧਿਆਪਨ। According to Thring, "Teaching means skillful questioning to force the mind to see, to arrange, to act". In words of Parker, "questioning is the key to all educative activity." ਸੋ ਕਿਹਾ ਜਾ ਸਕਦਾ ਹੈ ਕਿ ਕੋਈ ਵੀ ਅਧਿਆਪਨ ਅਜਿਹਾ ਨਹੀਂ ਹੈ ਜਿਸ ਦੇ ਅੰਤਰਗਤ ਪ੍ਰਸ਼ਨ ਨਾ ਪੁੱਛੇ ਜਾਣ।

ਅਸਲ ਵਿਚ ਪ੍ਰਸ਼ਨ ਉੱਤਰ ਜੁਗਤਾਂ ਇਕੱਠੇ ਹੀ ਵਰਤੀਆਂ ਜਾਂਦੀਆਂ ਹੈ। ਆਮ ਤੌਰ ਤੇ ਇਸ ਨੂੰ ਪ੍ਰਸ਼ਨ-ਉਤਰ ਜੁਗਤ ਵੀ ਕਿਹਾ ਜਾਂਦਾ ਹੈ। ਅਧਿਆਪਕ ਨੂੰ ਪ੍ਰਸ਼ਨ-ਉਤਰ ਜੁਗਤ ਦੀ ਵਰਤੋਂ ਕਰਨ ਲਈ ਹੇਠ ਲਿਖੀਆਂ ਗੱਲਾਂ ਦਾ ਧਿਆਨ ਚਾਹੀਦਾ ਹੈ ਜੋ ਇਸ ਤਰ੍ਹਾਂ ਹਨ :

1. ਵਿਦਿਆਰਥੀਆਂ ਤੋਂ ਉਚਿਤ ਪ੍ਰਸ਼ਨ ਪੁੱਛਣਾ
2. ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਪ੍ਰਾਪਤ ਕਰਨ ਦਾ ਮੌਕਾ ਪ੍ਰਦਾਨ ਕਰਨਾ
3. ਵਿਦਿਆਰਥੀਆਂ ਨੂੰ ਪ੍ਰਸ਼ਨ ਲਈ ਲੋੜੀਂਦਾ ਉਤਸ਼ਾਹ ਦੇਣਾ
4. ਵਿਦਿਆਰਥੀਆਂ ਵਲੋਂ ਪੁੱਛੇ ਗਏ ਪ੍ਰਸ਼ਨਾਂ ਦੇ ਤਸੱਲੀਬਖਸ਼ ਉੱਤਰ ਪ੍ਰਦਾਨ ਕਰਨਾ

**2.1.5.1 ਪ੍ਰਸ਼ਨ ਦੀਆਂ ਕਿਸਮਾਂ (Types of Questioning)** ਆਮ ਤੌਰ ਤੇ ਅਧਿਆਪਨ ਦੌਰਾਨ ਤਿੰਨ ਪ੍ਰੜਾਵਾਂ ਉਪਰ ਪ੍ਰਸ਼ਨ ਪੁੱਛੇ ਜਾਂਦੇ ਹਨ। ਜੋ ਹੇਠ ਲਿਖੇ ਅਨੁਸਾਰ ਹਨ।

1. ਆਰੰਭਕ ਪ੍ਰਸ਼ਨ (Introductory): ਇਹ ਪ੍ਰਸ਼ਨ ਵਿਦਿਆਰਥੀਆਂ ਦੀਆਂ ਪੂਰਵ ਗਿਆਨ ਦੀ ਪਰਖ ਕਰਨ ਲਈ ਪੁੱਛੇ ਜਾਂਦੇ ਹਨ।
2. ਪਾਠ ਵਿਕਸਿਤ ਕਰਨ ਲਈ ਪੁੱਛੇ ਗਏ ਪ੍ਰਸ਼ਨ (Developing question): ਇਹ ਪ੍ਰਸ਼ਨ ਸਮਝਾਈ ਜਾਣ ਵਾਲੀ ਵਿਸ਼ਾਵਸਤੂ ਨਾਲ ਸੰਬੰਧਤ ਹੁੰਦੇ ਹਨ। ਇਹਨਾਂ ਪ੍ਰਸ਼ਨਾਂ ਦੀ ਮੱਦਦ ਨਾਲ ਪਾਠ ਵਿਕਸਿਤ ਕੀਤਾ ਜਾਂਦਾ ਹੈ।
3. ਪੁਨਰ ਦੁਹਰਾਈ ਲਈ ਪੁਛੇ ਗਏ ਪ੍ਰਸ਼ਨ (Recapituatory Questions): ਇਹ ਪ੍ਰਸ਼ਨ ਪਾਠ ਸਮੱਗਰੀ ਜੋ ਪੜ੍ਹਾਈ ਜਾਂਦੀ ਹੈ ਉਸ ਅਨੁਸਾਰ ਪੁੱਛੇ ਜਾਂਦੇ ਹਨ। ਜਿਸ ਤੋਂ ਪਤਾ ਲੱਗਦਾ ਹੈ ਕਿ ਵਿਦਿਆਰਥੀਆਂ ਨੂੰ ਜੋ ਪੜ੍ਹਾਇਆ ਗਿਆ ਹੈ ਉਸ ਦੀ ਸਮਝ, ਉਹਨਾਂ ਨੂੰ ਕਿੰਨੀ ਕੁ ਆਈ ਹੈ। ਉਹ ਪ੍ਰਸ਼ਨ ਇਕ ਕਿਸਮ ਦੇ ਮੁਲਾਂਕਣ ਪ੍ਰਸ਼ਨ ਹੁੰਦੇ ਹਨ।

**2.1.5.2 ਚੰਗੇ ਪ੍ਰਸ਼ਨ ਪੁੱਛਣ ਦੀਆਂ ਵਿਸ਼ੇਸ਼ਤਾਵਾਂ (Characteristics of Good questioning)**

1. ਸਪੱਸ਼ਟ ਸਭ ਤੋਂ ਪਹਿਲਾਂ ਪੁਛਿਆ ਪ੍ਰਸ਼ਨ ਸਪਸ਼ਟ ਹੋਣਾ ਚਾਹੀਦਾ ਹੈ। ਉਦਾਹਰਨ ਵਜੋਂ ''ਭਾਰਤ ਦਾ ਪ੍ਰਧਾਨ ਮੰਤਰੀ ਕੌਣ ਹੈ? ਪ੍ਰਧਾਨ ਮੰਤਰੀ ਕੋਣ ਹੈ? ਇਹਨਾਂ ਦੋਵੇ ਪ੍ਰਸ਼ਨਾਂ ਵਿਚ ਪਹਿਲਾ ਪ੍ਰਸ਼ਨ ਸਹੀ ਪ੍ਰਸ਼ਨ ਹੈ।
2. ਵਿਸ਼ੇਸਤਾ ਪ੍ਰਸ਼ਨ ਵਿਸ਼ੇਸ਼ ਹੋਣਾ ਚਾਹੀਦਾ ਹੈ। ਪੁੱਛੇ ਗਏ ਪਸ੍ਰਨ ਦਾ ਉਤਰ ਵਿਸ਼ੇਸ਼ ਹੋਣਾ ਚਾਹੀਦਾ ਹੈ ਸਾਧਾਰਨ ਨਹੀਂ।
3. ਸਰਲਤਾ ਪੁੱਛੇ ਗਏ ਪ੍ਰਸ਼ਨ ਦੀ ਬਣਤਰ ਵਿਚ ਸਰਲਤਾ ਹੋਣੀ ਚਾਹੀਦੀ ਹੈ। ਪ੍ਰਸਨ ਦੀ ਭਾਸ਼ਾ ਸਰਲ ਹੋਣੀ ਚਾਹੀਦੀ ਹੈ ਜੋ ਵਿਦਿਆਰਥੀਆਂ ਦੀ ਭਾਸ਼ਾ ਯੋਗਤਾ ਅਨੁਸਾਰ ਹੋਵੇ, ਜਿਵੇਂ ਕਿ, ਕੀ ਤੁਸੀਂ ਦੱਸ ਸਕਦੇ ਹੋ ਚਿਰਾਪੂੰਜੀ ਵਿਚ ਵਰਖਾ ਕਿਉਂ ਜ਼ਿਆਦਾ ਹੁੰਦੀ ਹੈ? ਇਸ ਪ੍ਰਸ਼ਨ ਵਿਚ ਕੀ ਤੁਸੀਂ ਦੱਸ ਸਕਦੇ ਹੋ ਇਹ ਠੀਕ ਨਹੀਂ ਹੈ।
4. ਚਣੌਤੀਪੂਰਨ ਪ੍ਰਸ਼ਨ ਇਹੋ ਜਿਹਾ ਹੋਣਾ ਚਾਹੀਦਾ ਹੈ ਜੋ ਵਿਦਿਆਰਥੀ ਦੀ ਸੋਚ ਨੂੰ ਉਤੇਜਿਤ ਕਰੇ ਜੇਕਰ ਬੱਚਿਆਂ ਨੂੰ ਪੁੱਛਿਆ ਜਾਂਦਾ ਹੈ ਭਾਰਤ ਦੀ ਰਾਜਧਾਨੀ ਕਿਹੜੀ ਹੈ? ਇਹ ਪ੍ਰਸ਼ਨ ਵਿਦਿਆਰਥੀਆਂ ਨੂੰ ਕੁਝ ਸੋਚਣ ਲਹੀ ਉਤੇਜਿਤ ਨਹੀਂ ਕਰਦਾ। ਰਾਜਸਥਾਨ ਵਰਖਾ ਘੱਟ ਕਿਉਂ ਹੁੰਦੀ ਹੈ? ਇਹ ਪ੍ਰਸ਼ਨ ਵਿਦਿਆਰਥੀਆਂ ਨੂੰ ਕੁਝ ਸੋਚਣ ਉਤੇਜਤ ਕਰੇਗਾ।
5. ਇਹ ਵਿਚਾਰ ਪੈਦਾ ਕਰਨ ਵਾਲਾ ਪ੍ਰਸ਼ਨ ਚੰਗੇ ਪ੍ਰਸ਼ਨਾਂ ਦੀ ਇਹ ਵਿਸ਼ੇਸ਼ਤਾ ਹੈ ਕਿ ਇਕੋ ਸਮੇਂ ਦੋ ਪ੍ਰਸ਼ਨ ਨਹੀਂ ਪੁੱਛਣੇ ਚਾਹੀਦੇ, ਜਿਵੇਂ ਗੁਰੂ ਗੋਬਿੰਦ ਸਿੰਘ ਜੀ ਕੋਣ ਸਨ ਤੇ ਕਿਉਂ ਪ੍ਰਸਿੱਧ ਸਨ? ਇਕੋ ਸਮੇਂ ਇਕੋ ਵਿਚਾਰ ਪ੍ਰਗਟ ਕਰਨ ਵਾਲਾ ਪ੍ਰਸ਼ਨ ਹੋਣਾ ਚਾਹੀਦਾ ਹੈ। ਭਾਵ ਕੋਣ ਤੇ ਕਿਉਂ ਨੂੰ ਵਖਰੇ ਪ੍ਰਸ਼ਨਾਂ ਵਿਚ ਪੁਛਣ।
6. ਹਾਂ ਜਾਂ ਨਹੀਂ : ਪ੍ਰਸ਼ਨ ਇਹੋ ਜਿਹਾ ਨਹੀਂ ਪੁਛਿਆ ਜਾਣਾ ਚਾਹੀਦਾ, ਜਿਸ ਉਤਰ ਸਿਰਫ ਹਾਂ ਜਾਂ ਨਾਂ ਨਈਂ ਵਿਚ ਹੋਵੇ। 'ਕੀ ਰਾਜਸਥਾਨ ਵਿਚ ਵਰਖਾ ਘੱਟ ਹੁੰਦੀ ਹੈ? ਇਹ ਪ੍ਰਸ਼ਨ ਠੀਕ ਨਹੀਂ ਹੈ।
7. ਵਿਆਕਰਨ ਦੇ ਪੱਖ ਤੋਂ ਸਹੀਂ : ਪ੍ਰਸ਼ਨ ਦੀ ਬਣਤਰ ਵਿਆਕਰਨ ਦੇ ਪੱਖ ਤੋਂ ਠੀਕ ਹੋਣੀ ਚਾਹੀਦੀ ਹੈ।

**2.1.5.3 ਪ੍ਰਸ਼ਨ ਪੁੱਛਣ ਜੁਗਤ ਦੇ ਲਾਭ**

1. ਇਸ ਜੁਗਤ ਦੀ ਵਰਤੋਂ ਰਾਹੀਂ ਵਿਦਿਆਰਥੀ ਕਿਰਿਆਸ਼ੀਲ ਰਹਿੰਦੇ ਹਨ।
2. ਉਹਨਾਂ ਵਿਚ ਆਤਮ-ਵਿਸ਼ਵਾਸ਼ ਵਧਦਾ ਹੈ।
3. ਵਿਦਿਆਰਥੀਆਂ ਦੀ ਸੰਚਾਰ ਸ਼ਕਤੀ ਵੀ ਵਧਾਉਂਦਾ ਹੈ।
4. ਉਹ ਪਾਠ ਵਿਚ ਜ਼ਿਆਦਾ ਦਿਲਚਸਪੀ ਲੈਂਦੇ ਹਨ।
5. ਵਿਦਿਆਰਥੀਆਂ ਨੂੰ ਪ੍ਰੇਰਨਾ ਅਤੇ ਉਤਸ਼ਾਹ ਮਿਲਦਾ ਹੈ।

**2.1.5.4 ਪ੍ਰਸ਼ਨ ਪੁੱਛਣ ਜੁਗਤ ਦੀਆਂ ਸੀਮਾਵਾਂ** : ਪ੍ਰਸ਼ਣ ਪੁੱਛਣ ਜੁਗਤ ਵਿਚ ਹੇਠ ਲਿਖੀਆਂ ਕਮੀਆਂ ਪਾਈਆਂ ਜਾਂਦੀਆਂ ਹਨ।

1. ਪ੍ਰਸ਼ਨ-ਪੁੱਛਣ ਜੁਗਤ ਅਧਿਟਾਪਨ ਦੀ ਆਪਣੀ ਯੋਗਤਾ ਤੇ ਨਿਪੁੰਨਤਾ ਉਪਰ ਨਿਰਭਰ ਕਰਦੀ ਹੈ। ਪ੍ਰਸ਼ਨਾਂ ਦਾ ਨਿਰਮਾਣ, ਉਚਿਤ ਸਮੇਂ ਉਪਰ ਪ੍ਰਸ਼ਨ ਪੁੱਛਣ ਦੀ ਕਲਾ ਅਧਿਆਪਕ ਵਿਚ ਹੋਣੀ ਚਾਹੀਦੀ ਹੈ ਜਿਹੜੀ ਕਿ ਹਰ ਅਧਿਆਪਕ ਵਿਚ ਹੋਣੀ ਸੰਭਵ ਨਹੀਂ ਹੈ।
2. ਅਧਿਆਪਨ ਦੌਰਾਨ ਕਈ ਵਾਰੀ ਕਲਾਸ ਵਿਚ ਅਸੰਤੁਲਨ ਦਾ ਮਾਹੌਲ ਬਣ ਜਾਂਦਾ ਹੈ। ਕਈ ਵਾਰੀ ਅਧਿਆਪਕ ਬਹੁਤੇ ਉਤਸ਼ਾਹ ਅਧੀਨ ਆ ਕੇ ਬੇਲੋੜੇ ਪ੍ਰਸ਼ਨ ਪੁੱਛਣ ਲੱਗ ਪੈਂਦਾ ਹੈ ਤੇ ਕਈ ਵਿਦਿਆਰਥੀ ਵੀ ਅਢੁੱਕਵੇਂ ਪ੍ਰਸ਼ਨ ਪੁੱਛਣੇ ਸ਼ੁਰੂ ਕਰ ਦਿੰਦੇ ਹਨ।

**2.1.5.5 ਪ੍ਰਸ਼ਨ-ਪੁੱਛਣ ਦੇ ਪ੍ਰਭਾਵਸ਼ਾਲੀ ਪ੍ਰਯੋਗ ਸੰਬੰਧੀ ਸੁਝਾਅ** :

1. ਅਧਿਆਪਕ ਨੂੰ ਇਸ ਜੁਗਤ ਦੀ ਵਰਤੋਂ ਕਰਨ ਲਈ ਸਾਰੀਆਂ ਲੋੜੀਂਦੀਆਂ ਤਿਆਰੀਆਂ ਕਰ ਲੈਣੀਆਂ ਚਾਹੀਦੀਆਂ ਹਨ ਭਾਵ ਪਾਠ ਦੇ ਵੱਖ-ਵੱਖ ਪੜਾਵਾਂ ਉਪਰ ਕਿਹੜੇ ਪ੍ਰਸ਼ਨ ਪੁੱਛੇ ਜਾਣੇ ਹਨ, ਪਾਠ ਯੋਜਨਾ ਵਿਚ ਦਰਜ ਕਰ ਲੈਣਾ ਚਾਹੀਦਾ ਹੈ।
2. ਅਧਿਆਪਕ ਨੂੰ ਅਧਿਆਪਨ ਦੌਰਾਨ ਪਾਠ-ਸਮੱਗਰੀ ਅਨੁਸਾਰ ਢੁਕਵੇਂ ਅਤੇ ਉਚਿਤ ਸਮੇਂ ਉਪਰ ਪ੍ਰਸ਼ਨ ਪੁੱਛਣੇ ਚਾਹੀਦੇ ਹਨ।
3. ਇਕ ਪ੍ਰਸ਼ਨ ਪੁੱਛਣ ਤੋਂ ਬਾਅਦ, ਦੂਜੇ ਪ੍ਰਸ਼ਨ ਪੁੱਛਣ ਲਈ ਵਿਚਲਾ ਸਮਾਂ ਉਚਿਤ ਹੋਣਾ ਚਾਹੀਦਾ ਹੈ।
4. ਪੁੱਛੇ ਗਏ ਪ੍ਰਸ਼ਨ ਦੀ ਭਾਸ਼ਾ ਸਰਲ-ਸਪਸ਼ਟ ਤੇ ਸੰਖੇਪ ਹੋਣੀ ਚਾਹੀਦੀ ਹੈ।ਇਸ ਤੋਂ ਬਾਅਦ ਕਿਸੇ ਇਕ ਦਾ ਨਾਂ ਲੈ ਕੇ ਉੱਤਰ ਪੁੱਛਣਾ ਚਾਹੀਦਾ ਹੈ। ਜਿਥੋਂ ਤੱਕ ਹੋ ਸਕੇ ਸਾਰੇ ਵਿਦਿਆਰਥੀਆਂ ਦੇ ਸਮੂਹ ਵਿਚ ਉੱਤਰ ਦੇਣ ਲਈ ਉਤਸ਼ਾਹਿਤ ਨਹੀਂ ਕਰਨਾ ਚਾਹੀਦਾ।
5. ਪ੍ਰਸ਼ਨ ਸਾਰੀ ਜਮਾਤ ਨੂੰ ਸੰਬੋਧਨ ਕਰਕੇ ਪੁੱਛਣਾ ਚਾਹੀਦਾ ਹੈ। ਇਸ ਤੋਂ ਬਾਅਦ ਕਿਸੇ ਇਕ ਦਾ ਨਾਂ ਲੈ ਕੇ ਉੱਤਰ ਪੁੱਛਣਾ ਚਾਹੀਦਾ ਹੈ। ਜਿਥੋਂ ਤੱਕ ਹੋ ਸਕੇ ਸਾਰੇ ਵਿਦਿਆਰਥੀਆਂ ਦੇ ਸਮੂਹ ਨੂੰ ਉੱਤਰ ਦੇਣ ਲਈ ਉਤਸ਼ਾਹਿਤ ਨਹੀਂ ਕਰਨਾ ਚਾਹੀਦਾ।
6. ਜਿਹੜਾ ਵਿਦਿਆਰਥੀ ਕਲਾਸ ਵਿਚ ਧਿਆਨ ਦਿੰਦਾ ਪ੍ਰਤੀਤ ਨਹੀਂ ਹੁੰਦਾ, ਉਸ ਨੂੰ ਉਤਰ ਪੁਛਿਆ ਜਾਣਾ ਚਾਹੀਦਾ ਹੈ ਤਾਂ ਜੋ ਉਸ ਦਾ ਧਿਆਨ ਕਲਾਸ ਵਿਚ ਆ ਜਾਵੇ। ਇਸ ਨਾਲ ਕਲਾਸ ਵਿਚ ਅਨੁਸਾਸ਼ਨ ਵੀ ਬਣਿਆ ਰਹੇਗਾ।
7. ਅਧਿਆਪਕ ਨੂੰ ਅਧਿਆਪਨ ਦੌਰਾਨ ਇਹੋ ਜਿਹਾ ਪ੍ਰਸ਼ਨ ਨਹੀਂ ਪੁੱਛਣਾ ਚਾਹੀਦਾ ਜਿਸ ਦਾ ਉੱਤਰ ਸਿਰਫ ਹਾਂ ਜਾਂ ਨਹੀਂ ਵਿਚ ਹੋਵੇ, ਸਗੋਂ ਦਿਮਾਗੀ ਚਣੌਤੀ ਦੇਣ ਵਾਲਾ ਪ੍ਰਸ਼ਨ ਪੁੱਛਣਾ ਚਾਹੀਦਾ ਹੈ।
8. ਵਿਦਿਆਰਥੀ ਜਦੋਂ ਕਿਸੇ ਪ੍ਰਸ਼ਨ ਦਾ ਉੱਤਰ ਦੇ ਰਹੇ ਹੋਣ ਤਾਂ ਉਹਨਾਂ ਨੂੰ ਟੋਕਣਾ ਨਹੀਂ ਚਾਹੀਦਾ, ਅਜਿਹਾ ਕਰਨ ਨਾਲ ਵਿਦਿਆਰਥੀ ਆਪਣਾ ਸੰਤੁਲਨ ਗੁਆ ਲੈਂਦਾ ਹੈ ਤੇ ਉਸ ਦੇ ਚਿੰਤਨ ਵਿਚ ਰੁਕਾਵਟ ਪੈਦਾ ਹੋ ਜਾਂਦੀ ਹੈ ਤੇ ਉਹ ਨਿਰਉਤਸਾਹਿਤ ਹੋ ਜਾਂਦਾ ਹੈ।
9. ਕਈ ਵਾਰੀ ਬੱਚੇ ਸ਼ਰਾਰਤ ਨਾਲ ਠੀਕ ਉੱਤਰ ਨਹੀਂ ਦਿੰਦੇ ਇਸ ਤਰ੍ਹਾਂ ਦੀ ਸਥਿਤੀ ਨੂੰ ਕੰਟਰੋਲ ਕਰਨਾ ਚਾਹੀਦਾ ਹੈ। ਅਜਿਹੀ ਸਥਿਤੀ ਵਿਚ ਅਧਿਆਪਕ ਦਾ ਅਪ੍ਰਤੱਖ ਵਿਵਹਾਰ ਜ਼ਿਆਦਾ ਕਾਰਗਰ ਸਾਬਤ ਹੁੰਦਾ ਹੈ।

10. ਅਧਿਆਪਕ ਨੂੰ ਆਪਣੇ ਅਧਿਆਪਨ ਦੌਰਾਨ ਲੋੜੀਂਦੇ ਪ੍ਰਸ਼ਨ ਹੀ ਪੁਛਣੇ ਚਾਹੀਦੇ ਹਨ। ਉਲਝਣ ਭਰਪੂਰ ਪ੍ਰਸ਼ਨ ਨਹੀਂ ਪੁਛਣੇ ਚਾਹੀਦੇ, ਸਗੋਂ ਵਿਦਿਆਰਥੀਆਂ ਦੁਆਰਾ ਪੁੱਛੇ ਜਾਣ ਵਾਲੇ ਪ੍ਰਸ਼ਨ ਵੱਲ ਅਧਿਆਪਕ ਨੂੰ ਸਕਾਰਤਮਿਕ ਦ੍ਰਿਸ਼ਟੀਕੋਣ ਅਪਨਾਉਣਾ।

### 2.1.6 ਦ੍ਰਿਸਟਾਂਤ ਜੁਗਤ (Illustration Device) :

ਅਧਿਆਪਕ ਅਧਿਆਪਨ ਦੌਰਾਨ ਕਈ ਜੁਗਤਾਂ ਦੀ ਵਰਤੋਂ ਕਰਦਾ ਹੈ ਇਹਨਾਂ ਜੁਗਤਾਂ ਵਿਚੋਂ ਇਕ ਮਹੱਤਵਪੂਰਨ ਜੁਗਤ ਹੈ ਦ੍ਰਿਸ਼ਟਾਂਤ ਜਾਂ ਉਦਾਹਰਨਾਂ ਸਹਿਤ ਵਿਆਖਿਆ। ਦ੍ਰਿਸ਼ਟਾਂਤ ਜਾਂ ਉਦਾਹਰਨ ਉਹ ਜੁਗਤ ਹੈ ਜਿਸ ਰਾਹੀਂ ਅਧਿਆਪਕ ਵਿਸ਼ੇ–ਵਸਤੂ ਨੂੰ ਰੌਚਕ ਤੇ ਸਰਲ ਢੰਗ ਨਾਲ ਪੇਸ਼ ਕਰਨ ਲਈ ਆਪਣੇ ਵਿਦਿਆਰਥੀਆਂ ਦੇ ਸਾਹਮਣੇ ਰੌਚਕ ਦ੍ਰਿਸ਼ਟਾਂਤ ਜਾਂ ਉਦਾਹਰਨ ਪੇਸ਼ ਕਰਦਾ ਹੈ ਉਦਾਹਰਨ ਦੇਣ ਲਈ ਮੌਖਿਕ ਜਾਂ ਸਥੂਲ ਦੋਵੇਂ ਪ੍ਰਕਾਰ ਦੀ ਸਮਗਰੀ ਦੀ ਵਰਤੋਂ ਕੀਤੀ ਜਾ ਸਕਦੀ ਹੈ। ਅਧਿਆਪਕ ਅਧਿਆਪਨ ਦੌਰਾਨ ਜਦੋਂ ਕਿਸੇ **sÆ Bᵹ** (fact) ਨੂੰ ਸਮਝਾਉਣ ਲਈ ਸ਼ਾਬਦਿਕ ਚਿੰਤਰ ਪ੍ਰੇਸ ਕਰਦਾ ਹੈ। ਜਿਵੇਂ ਕਿ ਬੱਸ ਵਿਚ ਅਸੀਂ ਮਹਿਸੂਸ ਕਰ ਰਹੇ ਹੁੰਦੇ ਹਾਂ ਕਿ ਦਰੱਖਤ ਚਲ ਰਹੇ ਹਨ ਭਾਵ ਬੱਸ ਜਾਂ ਰੇਲ ਗੱਡੀ ਦੀ ਉਲਟ ਦਿਸ਼ਾ ਵੱਲ ਚਲਦੇ ਪ੍ਰਤੀਤ ਹੁੰਦੇ ਹਨ। ਇਸ ਤਰ੍ਹਾਂ ਵਿਦਿਆਰਥੀ ਦੇ ਮਨਾਂ ਵਿਚ ਇਸ ਸਥਿਤੀ ਦਾ ਦ੍ਰਿਸ਼ ਬਣ ਜਾਂਦਾ ਹੈ। ਦੂਜੇ ਕਿਸਮ ਦੇ ਦ੍ਰਿਸ਼ਟਾਂਤ ਪੇਸ਼ ਕਰਨ ਲਈ ਸਥੂਲ ਉਦਾਹਰਨਾਂ ਲਈ ਜਾ ਸਕਦੀਆਂ ਹਨ ਜਿਵੇਂ ਨਮੂਨੇ, ਚਾਰਟ, ਤਸਵੀਰਾਂ, ਗ੍ਰਾਫ, ਮਾਡਲ ਅਤੇ ਨਕਸ਼ੇ ਆਦਿਕ ਪ੍ਰਯੋਗ ਕਰ ਰਿਹਾ ਹੁੰਦਾ ਹੈ ਉਸ ਸਮੇਂ ਇਹ ਕਿਹਾ ਜਾਂਦਾ ਹੈ ਕਿ ਉਸ ਸਥੂਲ ਉਦਾਹਰਨਾਂ ਦੀ ਸਹਾਇਤਾ ਲੈ ਰਿਹਾ ਹੈ। ਸੋ ਇਸ ਤਰ੍ਹਾਂ ਸ਼ਾਬਦਿਕ ਤੇ ਗੈਰ-ਸ਼ੈਬਦਿਕ ਦ੍ਰਿਸ਼ਟਾਂਤ ਪੇਸ਼ ਕੀਤੇ ਜਾਂਦੇ ਹਨ। ਇਸ ਜੁਗਤ ਵਿੱਚ ਅਧਿਆਪਕ ਦ੍ਰਿਸ਼ਟਾਂਤ ਦਾ ਸੰਗਠਨ ਪੜਾਂਉਣ ਵਾਲੇ ਵਿਸ਼ਾ ਵਸਤੂ ਅਨੁਸਾਰ ਕਰਦਾ ਹੈ, ਕਿਉਂਕਿ ਵੱਖੋ-ਵੱਖਰੇ ਵਿਸ਼ਿਆ ਲਈ ਵੱਖ ਵੱਖ ਦ੍ਰਿਸ਼ਟਾਂਤ ਜਾਂ ਉਦਾਹਰਨਾਂ ਦੀ ਚੋਣ ਕਰਨੀ ਪੈਂਦੀ ਹੈ।

#### 2.1.6.1 ਦ੍ਰਿਸ਼ਟਾਂਤ ਜੁਗਤ ਦੇ ਲਾਭ :

(1) ਦ੍ਰਿਸਟਾਂਤ ਜੁਗਤ ਦੀ ਵਰਤੋਂ ਜੇਕਰ ਸੁਚੱਜੇ ਢੰਗ ਨਾਲ ਕੀਤੀ ਜਾਵੇ ਤਾਂ ਵਿਦਿਆਰਥੀਆਂ ਲਈ ਵਿਸ਼ਾ–ਵਸਤੂ ਨੂੰ ਸਮਝਣਾ ਸੌਖਾ ਹੈ।

(2) ਦ੍ਰਿਸ਼ਟਾਂਤ ਜੁਗਤ ਰਾਹੀਂ ਸਮਝੇ ਸਿਧਾਂਤ ਕਦੇ ਨਹੀਂ ਭੁਲਦੇ ਭਾਸ਼ਾ ਅਧਿਆਪਨ ਵਿਚ ਖਾਸ ਕਰਕੇ ਵਿਆਕਰਨ ਪੜਾਉਣ ਲਈ ਇਹ ਜੁਗਤ ਬਹੁਤ ਹੀ ਸਾਰਥਕ ਸਿੱਧ ਹੁੰਦੀ ਹੈ।

(3) ਦ੍ਰਿਸਟਾਂਤ ਜੁਗਤ ਵਿਦਿਆਰਥੀਆਂ ਵਿੱਚ ਰੋਚਿਕਤਾ ਤੇ ਪ੍ਰੇਰਨਾ ਵਿਕਸਿਤ ਕਰਦੀ ਹੈ, ਕਿਉਂਕਿ ਇਹ ਜੁਗਤ ਰਾਹੀਂ ਅਧਿਆਪਕ ਕਈ ਵਾਰੀ ਪ੍ਰਯੋਗ ਵੀ ਕਰਕੇ ਦਿਖਾਉਂਦੇ ਹੈ।

(4) ਦ੍ਰਿਸਟਾਂਤ ਜੁਗਤ ਵਿੱਚ ਵਿਦਿਆਰਥੀਆਂ ਦੀ ਸਮੂਲੀਅਤ ਵੀ ਪਾਠ ਦੀ ਜ਼ਰੂਰਤ ਅਨੁਸਾਰ ਹੁੰਦੀ ਹੈ।

(5) ਦ੍ਰਿਸ਼ਟਾਂਤ ਜੁਗਤ ਰਾਹੀਂ ਵਿਦਿਆਰਥੀਆਂ ਨੂੰ ਜਿਹੜਾ ਸੰਕਲਪ (Concept) ਸਮਝਾਇਆ ਜਾਂਦਾ ਹੈ ਉਸ ਸ਼ਬੰਧੀ ਉਹ ਖੁਦ ਉਦਾਹਰਨਾ ਵੀ ਦਿੰਦੇ ਹਨ।

#### 2.1.6.2 ਦ੍ਰਿਸ਼ਟਾਂਤ ਜੁਗਤ ਦੀਆਂ ਸੀਮਾਵਾਂ :

(1) ਕਈ ਵਾਰੀ ਵੱਧ ਦ੍ਰਿਸ਼ਟਾਂਤ ਦੀ ਵਰਤੋਂ ਅਧਿਆਪਨ ਪ੍ਰਕ੍ਰਿਆ ਵਿੱਚ ਰੁਕਾਵਟ ਸਿੱਧ ਹੋ ਸਕਦੀ ਹੈ।

(2) ਉਦਾਹਰਨਾਂ ਦੀ ਚੋਣ, ਉਨ੍ਹਾਂ ਨੂੰ ਉਚਿਤ ਸਮੇਂ ਤੇ ਢੁਕਵੀਂ ਸਥਿਤੀ ਵਿੱਚ ਵਰਤਨਾ ਆਦਿ ਕੰਮਾਂ ਵਿੱਚ ਅਧਿਆਪਕ ਪੂਰੀ ਤਰ੍ਹਾਂ ਮਾਹਿਰ ਹੋਣਾ ਚਾਹੀਦਾ ਹੈ।

(3) ਵਿਦਿਆਰਥੀ ਦੀ ਸੰਖਿਆ ਜੇਕਰ ਜ਼ਿਆਦਾ ਹੋਵੇ ਤਾਂ ਵੀ ਅਧਿਆਪਕ ਲਈ ਉਦਾਹਰਨਾ ਦੇਣੀਆਂ ਔਖੀਆਂ ਹੁੰਦੀਆਂ ਹਨ ਜਿਸ ਨਾਲ ਕਲਾਸ ਦਾ ਅਨੁਸ਼ਾਸ਼ਨ ਖਰਾਬ ਹੋ ਸਕਦਾ ਹੈ।

#### 2.1.6.3 ਦ੍ਰਿਸ਼ਟਾਂਤ ਜੁਗਤ ਦੀ ਪ੍ਰਭਾਵਸ਼ਾਲੀ ਵਰਤੋਂ ਸੰਬੰਧੀ ਸੁਝਾਅ :

(1) ਅਧਿਆਪਕ ਨੂੰ ਲੋੜੀਦੀ ਤਿਆਰੀ ਕਰਨੀ ਚਾਹੀਦੀ ਹੈ। ਪਾਠ–ਸੱਮਗਰੀ ਅਨੁਸਾਰ ਉਸਨੂੰ ਉਦਾਹਰਨਾਂ ਦ੍ਰਿਸ਼ਟਾਂਤ ਦੀ ਚੋਣ ਪਹਿਲਾਂ ਹੀ ਕਰ ਲੈਣੀ ਚਾਹੀਦੀ ਹੈ ਅਤੇ ਉਦਾਹਰਨਾਂ ਪ੍ਰਦਾਨ ਕਰਨ ਲਈ ਉਸਨੇ ਕੀ ਕੀ ਸਮੱਗਰੀ ਚਾਹੀਦੀ ਉਸਦਾ ਸੰਗਠਨ ਕਰਨਾ ਚਾਹੀਦਾ।

(2) ਕਲਾਸ ਵਿਚ ਦਿੱਤੀਆਂ ਗਈਆਂ ਉਦਾਹਰਨਾਂ ਰੌਚਿਕ ਅਤੇ ਬੱਚਿਆਂ ਦੀਆਂ ਮਾਨਸਿਕ ਯੋਗਤਾਵਾਂ ਅਨੁਸਾਰ ਹੋਣੀਆਂ ਚਾਹੀਦੀਆਂ ਹਨ।

(3) ਕਲਾਸ ਵਿੱਚ ਦਿੱਤੀਆਂ ਗਈਆਂ ਉਦਾਹਰਨਾਂ ਰੌਚਿਕ ਭਾਸ਼ਾ, ਉੱਚਿਤ ਸੰਚਾਰ ਸ਼ਕਤੀ ਹੋਣੀ ਚਾਹੀਦੀ ਹੈ। ਇਸ ਤਰ੍ਹਾਂ ਠੋਸ ਉਦਾਹਰਨਾਂ ਦੇਣ ਲਈ ਉਸਨੂੰ ਢੁੱਕਵੀ ਸਥੂਲ ਸਮੱਗਰੀ ਦੀ ਚੋਣ ਅਤੇ ਸੰਗਠਨ ਕਰਨਾ ਚਾਹੀਦਾ ਹੈ।

(4) ਸ਼ਾਬਦਿਕ ਦ੍ਰਿਸ਼ਟਾਂਤ ਪੇਸ਼ ਕਰਨ ਲਈ ਅਧਿਆਪਕ ਕੋਲ ਉੱਚਿਤ ਭਾਸ਼ਾ, ਉੱਚਿਤ ਸੰਚਾਰ ਸ਼ਕਤੀ ਹੋਣੀ ਚਾਹੀਦੀ ਹੈ। ਇਸ ਤਰ੍ਹਾਂ ਠੋਸ ਉਦਾਹਰਨਾਂ ਦੇਣ ਲਈ ਉਸਨੂੰ ਢੁੱਕਵੀਂ ਸਥੂਲ ਸਮੱਗਰੀ ਦੀ ਚੋਣ ਅਤੇ ਸੰਗਠਨ ਕਰਨਾ ਚਾਹੀਦਾ ਹੈ।

(5) ਚੋਣ ਕੀਤੀਆਂ ਗਈਆਂ ਉਦਾਹਰਨਾਂ ਪ੍ਰਦਾਨ ਕਰਨ ਵਿੱਚ ਅਧਿਆਪਕ ਮਾਹਿਰ ਹੋਣਾ ਚਾਹੀਦਾ ਹੈ।

(6) ਦ੍ਰਿਸ਼ਟਾਂਤ ਜਾਂ ਉਦਾਹਰਨਾਂ ਰਾਹੀਂ ਜਿਹੜਾਂ ਵਿਸ਼ਾ–ਵਸਤੂ ਸਮਝਾਇਆ ਜਾਂਦਾ ਹੈ। ਅਧਿਆਪਕ ਨੂੰ ਮੁਲਾਂਕਣ ਕਰਨ ਲਈ ਪ੍ਰਸ਼ਨ ਪੁਛਣੇ ਜਾਂ ਨਿਗਮਨ ਪਹੁੰਚ (deductive Approach) ਅਪਣਾਉਣੀ ਚਾਹੀਦੀ ਹੈ। ਇਸ ਤਰ੍ਹਾਂ ਅਧਿਆਪਕ ਆਪਣੇ ਆਪ ਨੂੰ ਅਤੇ ਵਿਦਿਆਰਥੀਆਂ ਦੀ ਸਮਝ ਪਰਖ ਸਕਦਾ ਹੈ।

### 2.1.7 ; gZ৯ eoBk **(Exposition) :**

ਇਸ ਜੁਗਤ ਦੀ ਵਰਤੋਂ ਅਧਿਆਪਕਾਂ ਦੁਆਰਾ ਆਪਣੇ ਵਿਸ਼ਾ–ਵਸਤੂ ਨੂੰ ਚੰਗੀ ਤਰ੍ਹਾਂ ਸਪਸ਼ਟ ਕੇ ਆਪਣੇ ਦਿਮਾਗ ਵਿਚ ਬਿਠਾ ਸਕਣ। ਇਸ ਕਰਕੇ ਸਪਸ਼ਟੀਕਰਨ ਜੁਗਤ ਵਿਚ ਇਸ ਗੱਲ ਵੱਲ ਧਿਆਨ ਦਿੱਤਾ ਜਾਂਦਾ ਹੈ ਕਿ ਜਿਹੜੀ ਪਾਠ-ਸਮੱਗਰੀ ਵਿਦਿਆਰਥੀ ਨੂੰ ਪੜ੍ਹਾਉਣੀ ਹੈ ਉਸ ਨੂੰ ਬਹੁਤ ਹੀ ਰੌਚਕ, ਸਰਲ ਅਤੇ ਸਪਸ਼ਟ ਢੰਗ ਰਾਹੀਂ ਦੱਸਿਆ ਜਾਵੇ ਤਾਂ ਜੋ ਉਹ ਉਸ ਨੂੰ ਸੌਖੀ ਤਰ੍ਹਾਂ ਸਮਝ ਅਤੇ ਗ੍ਰਹਿਣ ਕਰ ਸਕਣ। ਇਤਿਹਾਸ ਦਾ ਅਧਿਆਪਕ ਇਸ ਜੁਗਤ ਦੀ ਵਰਤੋਂ ਘਟਨਾਵਾਂ ਦੱਸਣ ਲਈ ਕਰਦਾ ਹੈ। ਇਸੇ ਤਰ੍ਹਾਂ ਜੇਕਰ ਭੂਗੋਲ ਦੇ ਅਧਿਆਪਕ ਨੇ ਵਿਦਿਆਰਥੀਆਂ ਨੂੰ ਭੂ–ਮੁੱਧ ਰੇਖਾ ਬਾਰੇ ਦੱਸਣਾ ਹੈ ਉਹ ਗਲੋਬ ਦੀ ਸਹਾਇਤਾ ਨਾਂਲ ਸਪਸ਼ਟੀਕਰਨ ਜੁਗਤ ਦੀ ਵਰਤੋਂ ਕਰੇਗਾ। ਇਸੇ ਤਰ੍ਹਾਂ ਭਾਸ਼ਾ ਦਾ ਅਧਿਆਪਕ ਭਾਸ਼ਾ ਦੇ ਸਿਧਾਂਤਾਂ ਨੂੰ ਸਪਸ਼ਟ ਕਰੇਗਾ। ਸੋ ਆਖੀਰ ਵਿਚ ਕਿਹਾ ਜਾ ਸਕਦਾ ਹਰੇਕ ਵਿਸ਼ੇ ਦਾ ਅਧਿਆਪਕ ਆਪਣੇ ਅਧਿਆਪਨ ਵਿਸ਼ੇ ਅਨੁਸਾਰ ਸਪਸ਼ਟੀਕਰਨ ਜੁਗਤ ਦੀ ਵਰਤੋਂ ਕਰੇਗਾ।

**2.1.7.1 ਸਪੱਸ਼ਟੀਕਰਨ ਜੁਗਤ ਦੇ ਲਾਭ** : ਸਪਸ਼ਟੀਕਰਨ ਜੁਗਤ ਦੇ ਹੇਠ ਲਿਖੇ ਲਾਭ ਹਨ :

1. ਵਿਦਿਆਰਥੀਆਂ ਨੂੰ ਤੱਥਾਂ ਬਾਰੇ ਸਪਸ਼ਟ ਤੇ ਸਰਲ ਗਿਆਨ ਹੋ ਜਾਂਦਾ ਹੈ।
2. ਇਸ ਜੁਗਤ ਰਾਹੀਂ ਸਮਝੇ ਸਿਧਾਂਤ ਭੁਲਦੇ ਨਹੀਂ ਸਗੋਂ ਹਮੇਸ਼ਾਂ ਯਾਦ ਰਹਿੰਦੇ ਹਨ।
3. ਵਿਗਿਆਨ ਦੇ ਵਿਦਿਆਰਥੀਆਂ ਨੂੰ ਇਸ ਜੁਗਤ ਦਾ ਹੋਰ ਵੀ ਲਾਭ ਹੁੰਦਾ ਕਿਉਂਕਿ ਇਸ ਜੁਗਤ ਰਾਹੀਂ ਪ੍ਰਦਰਸ਼ਨ ਕੀਤਾ ਜਾਂਦਾ ਹੈ।
4. ਇਸ ਜੁਗਤ ਰਾਹੀਂ ਸਮਝਿਆ ਵਿਸ਼ਾ–ਵਸਤੂ ਵਿਦਿਆਰਥੀ ਨੂੰ ਦੱਸਣਾ ਸੌਖਾ ਲੱਗਦਾ ਹੈ ਭਾਵ ਵਿਆਖਿਆ ਠੀਕ ਕਰ ਸਕਦੇ ਹਨ।

**2.1.7.2** ਸਪੱਸ਼ਟੀਕਰਨ ਜੁਗਤ ਦੀਆਂ ਕਮੀਆਂ ਭਾਵੇਂ ਇਹ ਜੁਗਤ ਬਹੁਤ ਪ੍ਰਭਾਵਸ਼ਾਲੀ ਹੈ ਫਿਰ ਵੀ ਇਸ ਦੀਆਂ ਕੁਝ ਸੀਮਾਵਾਂ ਹਨ।

1. ਇਸ ਜੁਗਤ ਦੀ ਵਰਤੋਂ ਦਾ ਸਿਧਾਂਤ ਹੈ ਕਿ ਤੱਥਾਂ ਨੂੰ ਸਰਲ ਤੇ ਸਪਸ਼ਟ ਰੂਪ ਵਿਚ ਪ੍ਰਦਾਨ ਕੀਤਾ ਜਾਵੇ ਪਰ ਕਈ ਵਾਰੀ ਇੰਜ ਹੁੰਦਾ ਹੈ ਕਿ ਸਰਲਤਾ ਤੇ ਸਪਸ਼ਟਤਾ ਦੀ ਕੋਈ ਸੀਮਾ ਨਾ ਹੋਣ ਕਰਕੇ, ਅਸਪਸ਼ਟਤਾ ਦਾ ਪੜਾਅ ਆ ਸਕਦਾ ਹੈ।
2. ਇਨ੍ਹਾਂ ਜੁਗਤਾਂ ਦੀ ਵਰਤੋਂ ਵਿਚ ਅਧਿਆਪਕ ਦਾ ਯੋਗਦਾਨ ਜ਼ਿਆਦਾ ਹੁੰਦਾ ਹੈ ਇਸ ਲਈ ਅਧਿਆਪਕ ਦੀ ਜ਼ਿੰਮੇਵਾਰੀ ਵੱਧ ਜਾਂਦੀ ਹੈ।
3. ਇਸ ਜੁਗਤ ਦੀ ਵਰਤੋਂ ਰਾਹੀਂ ਅਧਿਆਪਕ ਦੀ ਭੂਮਿਕਾ ਵੱਧ ਹੋਣ ਕਰਕੇ, ਵਿਦਿਆਰਥੀ ਕਾਰਜਸ਼ੀਲ ਨਹੀਂ ਹੁੰਦੇ।

**2.1.7.3 ਸਪੱਸ਼ਟੀਕਰਨ ਜੁਗਤ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਸੁਝਾਅ** :

1. ਪਾਠ-ਸਮੱਗਰੀ ਪੜ੍ਹਾਉਣ ਲਈ, ਅਧਿਆਪਨ ਉਦੇਸ਼ ਸਪਸ਼ਟ ਰੂਪ ਨਿਰਧਾਰਿਤ ਕਰਨੇ ਚਾਹੀਦੇ ਹਨ।
2. **ਵਿਸ਼ਾ–ਵਸਤੂ ਨੂੰ ਤਰਕਪੂਰਨ ਕ੍ਰਮਬੱਧ ਕਰਕੇ ਨਿਰੂਪਣ** (systematic) ਕਰਨਾ ਚਾਹੀਦਾ ਹੈ।

3. ਅਧਿਆਪਕ ਨੂੰ ਅਧਿਆਪਨ ਸਮੱਗਰੀ ਵਿਚ ਪੂਰੀ ਤਰ੍ਹਾਂ ਮਾਹਿਰ ਹੋਣਾ ਚਾਹੀਦਾ ਹੈ।
4. ਅਧਿਆਪਕ ਵਲੋਂ ਵਰਤੀ ਗਈ ਭਾਸ਼ਾ, ਵਿਦਿਆਰਥੀਆਂ ਦੇ ਦ੍ਰਿਸ਼ਟੀਕੋਣ ਤੋਂ ਸਰਲ ਅਤੇ ਅਰਥਪੂਰਨ ਹੋਣੀ ਚਾਹੀਦੀ ਹੈ।
5. ਅਧਿਆਪਕ ਨੂੰ ਵਿਸ਼ਾ-ਵਸਤੂ ਪ੍ਰਸਤੁਤੀਕਰਨ ਵਿਚ ਗੈਰ-ਜ਼ਰੂਰੀ ਜਲਦਬਾਜ਼ੀ ਨਹੀਂ ਕਰਨੀ ਚਾਹੀਦੀ, ਸਗੋਂ ਪਾਠ ਵਿਚ ਨਿਰੰਤਰ ਰਫ਼ਤਾਰ ਬਣਾਈ ਰੱਖਣੀ ਚਾਹੀਦੀ ਹੈ।
6. ਅਧਿਆਪਕ ਨੂੰ ਵਿਦਿਆਰਥੀਆਂ ਦੀਆਂ ਰੁਚੀਆਂ ਪ੍ਰੇਰਨਾ ਅਤੇ ਯੋਗਤਾਵਾਂ ਦਾ ਧਿਆਨ ਰੱਖਣਾ ਚਾਹੀਦਾ ਹੈ।
7. ਵਿਸ਼ਾ-ਵਸਤੂ ਦਾ ਸਪਸ਼ਟੀਕਰਨ ਕਰਦੇ ਸਮੇਂ ਅਧਿਆਪਕ ਨੂੰ ਉਚਿਤ ਪੜ੍ਹਾਂਉਣ ਸਹਾਇਕ ਸਮੱਗਰੀ ਦੀ ਵਰਤੋਂ ਕਰਨੀ ਚਾਹੀਦੀ ਹੈ।
8. ਸਪਸ਼ਟੀਕਰਨ ਜੁਗਤ ਦੀ ਵਰਤੋਂ ਕਰਦੇ ਸਮੇਂ ਉਚਿਤ ਹੋਰ ਜੁਗਤਾਂ ਦੀ ਵਰਤੋਂ ਵੀ ਕਰਨੀ ਚਾਹੀਦੀ ਹੈ ਜਿਵੇਂ ਕਿ ਪ੍ਰਸ਼ਨ-ਉੱਤਰ, ਵਿਆਖਿਆ, ਮੁਲਾਂਕਣ ਅਤੇ ਘਰ ਦਾ ਕੰਮ ਆਦਿਕ।
9. ਸਪਸ਼ਟੀਕਰਨ ਜੁਗਤ ਦੀ ਵਰਤੋਂ ਕਰਦੇ ਸਮੇਂ ਅਧਿਆਪਕ ਨੂੰ ਵਿਦਿਆਰਥੀਆਂ ਨੂੰ ਕਿਰਿਆਸ਼ੀਲ ਬਣਾਈ ਰੱਖਣਾ ਚਾਹੀਦਾ ਹੈ।
10. ਸਪਸ਼ਟੀਕਰਨ ਜੁਗਤ ਦੀ ਵਰਤੋਂ ਕਰਦੇ ਸਮੇਂ ਵਿਦਿਆਰਥੀਆਂ ਨੂੰ ਉਚਿਤ ਸੁਤੰਤਰਤਾ ਪ੍ਰਦਾਨ ਕਰਨੀ ਚਾਹੀਦੀ ਹੈ ਤਾਂ ਜੋ ਉਹ ਪ੍ਰਸ਼ਨ ਪੁੱਛ ਕੇ ਆਪਣੇ ਸ਼ੰਕੇਤ ਦੂਰ ਕਰ ਸਕਣ।

**2.1.8 ਸਾਰ :**

ਅਧਿਆਪਨ ਜੁਗਤਾਂ ਤੋਂ ਭਾਵ ਉਨ੍ਹਾਂ ਅਤਿਰਿਕਤ ਸਾਧਨਾਂ ਤੇ ਤਕਨੀਕਾਂ ਦੀ ਵਰਤੋਂ ਤੋਂ ਹੈ ਜੋ ਅਧਿਆਪਕ ਆਪਣੇ ਅਧਿਆਪਨ ਨੂੰ ਵਧੇਰੇ ਪ੍ਰਭਾਵਸ਼ਾਲੀ ਅਤੇ ਉਪਯੋਗ ਬਣਾਉਣ ਲਈ ਵਰਤਦਾ ਹੈ ਜਿਵੇਂ ਵਿਆਖਿਆ, ਸਪਸ਼ਟੀਕਰਨ, ਪ੍ਰਸ਼ਨ, ਬਿਰਤਾਂਤ ਨਾਟਕੀਕਰਨ, ਅਸਾਈਨਮੈਂਟ ਅਤੇ ਰੀਵਿਊ ਆਦਿਕ। ਅਧਿਆਪਨ ਜੁਗਤਾਂ ਦਾ ਵਰਗੀਕਰਨ ਵੱਖੋ-ਵੱਖਰੇ ਵਿਦਵਾਨਾਂ ਨੇ ਵੱਖੋ ਵੱਖ ਕੀਤਾ ਹੈ। ਕੁਝ ਸਿਖਿਆ ਸ਼ਾਸਤਰੀਆਂ ਦੀ ਰਾਇ ਅਨੁਸਾਰ ਇਹ ਤਿੰਨ ਵਰਗਾਂ ਵਿੱਚ ਵੰਡਿਆ ਜਾ ਸਕਦਾ ਹੈ ਜਿਵੇਂ ਕਿ ਸਾਧਾਰਨ, ਸਮੂਹ ਕਾਰਜ ਅਤੇ ਸਿਥਰ ਜੁਗਤਾਂ ਅਤੇ ਕੁਝ ਵਿਦਵਾਨਾਂ ਅਨੁਸਾਰ ਦੋ ਪ੍ਰਕਾਰ ਦੀਆਂ ਹੁੰਦੀਆਂ ਹਨ ਜਿਵੇਂ ਰਸਮੀ ਅਤੇ ਗ਼ੈਰ ਰਸਮੀ ਜੁਗਤਾਂ। ਅਧਿਆਪਨ ਜੁਗਤਾਂ ਜਿਵੇਂ ਕਿ, ਪ੍ਰਸ਼ਨ ਪੁੱਛਣਾ, ਉੱਤਰ ਦੇਣਾ, ਬਿਰਤਾਂਤ ਕਰਨਾ, ਵਿਆਖਿਆ ਕਰਨ., ਵਰਣਨ ਕਰਨਾ, ਦ੍ਰਿਸ਼ਟਾਂਤ ਪੇਸ਼ ਕਰਨਾ, ਪੜ੍ਹਾਉਣ ਸਹਾਇਕ ਸਮੱਗਰੀ ਦੀ ਸੁਚੱਜੀ ਵਰਤੋਂ, ਲਾਇਬਰੇਰੀ ਦੀ ਵਰਤੋਂ, ਮੁਲਾਂਕਣ ਕਰਨਾ, ਸਪੱਸ਼ਟੀਕਰਨ, ਡਰਿਲ ਜਾਂ ਅਭਿਆਸ ਕਾਰਜ, ਰੀਵਿਊ ਅਤੇ ਘਰ ਦਾ ਕੰਮ ਆਦਿਕ। ਸ਼ਪੱਸ਼ਟੀਕਰਨ, ਪ੍ਰਸ਼ਨ-ਪੁੱਛਣਾ, ਦ੍ਰਿਸਟਾਂਤ ਜਾਂ ਉਦਾਹਰਨਾਂ, ਅਸਾਈਨਮੈਂਟ ਅਤੇ ਰੀਵਿਊ ਜੁਗਤਾਂ ਪ੍ਰਮੁੱਖ ਅਧਿਆਪਨ ਜੁਗਤਾਂ ਹਨ।

## 2.1.9 ਅਭਿਆਸ ਪ੍ਰਸ਼ਨ :

(1) ਅਧਿਆਪਨ ਜੁਗਤਾਂ ਤੋਂ ਤੁਹਾਡਾ ਕੀ ਭਾਵ ਹੈ? ਪ੍ਰਮੁੱਖ ਅਧਿਆਪਨ ਜੁਗਤਾਂ ਦਾ ਵਰਣਨ ਕਰੋਂ।

(2) ਸ਼ਪੱਸ਼ਟੀਕਰਨ ਜੁਗਤ ਤੋਂ ਤੁਸੀਂ ਕੀ ਸਮਝਦੇ ਹੋ? ਇਸਦੇ ਲਾਭ ਅਤੇ ਸੀਮਾਵਾਂ ਬਾਰੇ ਵਿਸਥਾਰ ਵਿੱਚ ਲਿਖੋਂ।

(3) ਪ੍ਰਸ਼ਨ-ਪੁੱਛਣ ਜੁਗਤ ਨੂੰ ਤੁਸੀਂ ਕਿਵੇਂ ਪ੍ਰਭਾਵਸ਼ਾਲੀ ਢੰਗ ਨਾਲ ਵਰਤੋਗੇ? ਵਿਸਥਾਰ ਵਿੱਚ ਆਪਣੇ ਸੁਝਾਅ ਲਿਖੋਂ।

(4) ਅਸਾਈਨਮੈਂਟ ਜੁਗਤ ਦੀ ਵਰਤੋਂ ਕਿਵੇਂ ਕਰੋਗੇ ਤੇ ਅਸਾਈਨਮੈਂਟ ਅਲਾਟ ਕਰਨ ਸਮੇਂ ਕਿੰਨਾ-ਕਿੰਨਾ ਗੱਲ੍ਹਾਂ ਦਾ ਧਿਆਨ ਰੱਖੋਗੇ?

**(5) ਹੇਠ ਲਿਖਿਆਂ ਉਪ-ਵਿਸ਼ਿਆਂ ਉਪਰ ਸੰਖੇਪ ਨੋਟ ਲਿਖੋਂ?**

1. ਜੁਗਤ ਦਾ ਅਰਥ
2. ਸਪੱਸ਼ਟੀਕਰਨ ਜੁਗਤ ਦੀ ਸੁਚੱਜੀ ਵਰਤੋਂ।
3. ਜੁਗਤਾਂ ਦੀ ਮਹੱਤਤਾ

4. ਪ੍ਰਸ਼ਨ-ਪੁੱਛਣ ਜੁਗਤ ਦੀਆਂ ਕਿਸਮਾਂ
5. ਦ੍ਰਿਸ਼ਟਾਂਤ ਜੁਗਤ ਦੀਆਂ ਸੀਮਾਵਾਂ

**2.1.10 ਸੁਝਾਈਆਂ ਗਈਆਂ ਪੁਸਤਕਾਂ :**


| | | | |
|---|---|---|---|
| 1. | ਸ਼ਰਮਾਂ, ਟੀ.ਆਰ (2001) | : | ਸਿੱਖਿਆ ਤਕਨਲੌਜੀ ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ। |
| 2. | ਮੰਗਲ, ਐਸ.ਕੇ. | : | Techonology of Teaching, ਟੰਡਨ ਪਬਲੀਕੇਸ਼ਨ, ਲੁਧਿਆਣਾ। |
| 3. | ਸ਼ਰਮਾਂ, ਆਰ.ਐਨ | : | Principles and Techniques of Education, Surjeet Publication Delhi. |
| 4. | ਸੰਧੂ, ਪੀ.ਕੇ.(2003) | : | ਸਮਾਜਿਕ ਅਧਿਐਨ ਦਾ ਅਧਿਆਪਨ 21ST ਸੈਨਚੂਰੀ ਪਬਲੀਕੇਸ਼ਨਜ਼, ਪਟਿਆਲਾ। |
| 5. | ਮਨਜੀਤ ਕੌਰ, ਗੁਰਮੀਤ ਸਿੰਘ (2005) | : | ਟੀਚਿੰਗ ਆਫ ਸੋਸ਼ਲ ਸਟੱਡੀਜ਼ (ਅੰਗ੍ਰੇਜ਼ੀ) |

**ਪਾਠ ਨੰ: 2.2**

## ਅਧਿਆਪਨ ਅਤੇ ਅਧਿਆਪਨ ਦੇ ਸਿਧਾਂਤ,ਅਧਿਆਪਨ ਦੇ ਸੂਤਰ

ਬਣਤਰ

2.2.1 ਉਦੇਸ਼
2.2.2 ਭੂਮਿਕਾ
2.2.3 ਅਧਿਆਪਨ ਅਤੇ ਅਧਿਆਪਨ ਦੇ ਸਿਧਾਂਤ
2.2.3.1 ਅਧਿਆਪਨ ਦੇ ਸਧਾਰਣ ਅਤੇ ਮਨੋਵਿਗਿਆਨਕ ਸਿਧਾਂਤ
2.2.4 ਅਧਿਆਪਨ ਦੇ ਸੂਤਰ
2.2.5 ਸਿੱਖਣ ਦੇ ਸਿਧਾਤਾਂ ਤੇ ਆਧਾਰਿਤ ਅਧਿਆਪਨ ਦੇ ਸਿਧਾਂਤ
2.2.6 ਸਾਰਾਂਸ਼
2.2.7 ਮੁੱਖ ਸੰਕਲਪ
2.2.8 ਸੁਝਾਏ ਪ੍ਰਸ਼ਨ
2.2.9 ਸੁਝਾਈ ਪੁਸਤਕ ਸੂਚੀ
2.2.10 ਸਵੈ ਮੁਲਾਂਕਣ ਅਭਿਆਸ

### 2.2.1 ਉਦੇਸ਼ :

ਇਸ ਪਾਠ ਪੜ੍ਹਨ ਉਪਰੰਤ ਵਿਦਿਆਰਥੀ

1. ਅਧਿਆਪਨ ਦੇ ਸਿਧਾਂਤਾਂ ਸਮਝਣਗੇ ਅਤੇ ਉਨ੍ਹਾਂ ਦੀ ਅਸਲ ਜਮਾਤ ਵਿਚ ਵਰਤੋਂ ਕਰਨ ਦੇ ਯੋਗ ਬਣਨਗੇ।
2. ਅਧਿਆਪਨ ਅਸੂਲਾਂ/ਸੂਤਰਾਂ ਦੀ ਆਪਣੇ ਅਧਿਆਪਨ ਵਿਚ ਵਰਤੋਂ ਕਰਨ ਦੇ ਯੋਗ ਹੋਣਗੇ।
3. ਅਧਿਆਪਨ ਦੇ ਮਨੋਵਿਗਿਆਨ ਅਤੇ ਸਧਾਰਣ ਸਿਧਾਂਤਾ ਵਿਚਕਾਰ ਅੰਤਰ ਸਪਸ਼ਟ ਕਰਨ ਦੇ ਯੋਗ ਹੋਣਗੇ।

### 2.2.2 ਭੂਮਿਕਾ :

ਅਧਿਆਪਨ ਅਤੇ ਸਿੱਖਣ ਅੰਤਰ–ਸੰਬੰਧਿਤ ਨੇ। ਸਿੱਖਿਆ ਦੇ ਵਿਸ਼ਾਲ ਅਤੇ ਪੇਚੀਦਾ ਸਿਸਟਮ ਵਿਚ ਪੜ੍ਹਾਉਣਾ ਅਤੇ ਸਿੱਖਣਾ ਬਹੁਤ ਹੀ ਵਡਮੁੱਲਾ ਸਥਾਨ ਰੱਖਦੇ ਹਨ। ਅਧਿਆਪਕ ਵਿਸ਼ੇ ਦੇ ਗਿਆਨ ਤੋਂ ਇਲਾਵਾ ਪੜ੍ਹਾਉਣ ਦੀ ਕਲਾ (ਗਵ ਰf ਵਕ਼ਢੀਜਅਪ) ਦਾ ਵੀ ਗਿਆਨ ਹੋਣਾ ਚਾਹੀਦਾ ਹੈ। ਅਧਿਆਪਕ ਜਮਾਤ ਵਿਚ ਵੱਖ–ਵੱਖ ਕਿਰਿਆਵਾਂ ਕਰਦਾ ਹੈ ਜਿਸ ਰਾਹੀਂ ਵਿਦਿਆਰਥੀਆਂ ਵਿਚ ਸਿੱਖਣ ਦਾ ਵਿਕਾਸ ਹੋ ਸਕੇ। ਅਧਿਆਪਨ ਅਧਿਆਪਕ ਦਾ ਉਹ ਕਾਰਜ ਹੈ ਜਿਸ ਦੇ ਦੁਆਰਾ ਉਹ ਬੱਚਿਆਂ ਦਾ ਮਾਨਸਿਕ ਵਿਕਾਸ ਕਰਦਾ ਹੈ। ਅਧਿਆਪਨ ਦਾ ਅਰਥ ਹੈ ਸਿੱਖਣ ਲਈ ਹੱਲਾਸ਼ੇਰੀ ਦੇਣਾ, ਉਤੇਜਨਾ ਪੈਦਾ ਕਰਨਾ, ਸਿੱਖਣ ਦੀ ਤਮੰਨਾ, ਉਮੰਗ ਅਤੇ ਲਾਲਸਾ ਪੈਦਾ ਕਰਨਾਗਜਿਗਿਆਸਾ ਦਾ ਵਿਕਾਸ ਕਰਨਾ। ਸਿੱਖਣਾ ਮਨੋਵਿਗਿਆਨ ਦਾ ਇਕ ਮੁੱਖ ਸੰਕਲਪ ਹੈ। ਇਹ ਇਕ ਮੁੱਖ ਪ੍ਰਕਿਰਿਆ

ਹੈ ਜਿਹੜੀ ਕਿ ਬੱਚੇ ਦੇ ਵਾਧੇ ਅਤੇ ਵਿਕਾਸ ਲਈ ਜ਼ਿੰਮੇਵਾਰ ਹੈ। ਇਹ ਇਕ ਗੁੰਝਲਦਾਰ ਪ੍ਰਕ੍ਰਿਆ ਹੈ ਜਿਸ ਸਮਝਣਾ ਇਕ ਅਧਿਆਪਕ ਲਈ ਬਹੁਤ ਜ਼ਰੂਰੀ ਹੈ। ਇਸ ਪਾਠ ਵਿਚ ਅਸੀਂ ਸਿੱਖਣ ਦੇ ਸੰਕਲਪ, ਇਸ ਦੀਆਂ ਵਿਸ਼ੇਸ਼ਤਾਵਾਂ, ਸਿੱਖਣ ਪ੍ਰਕ੍ਰਿਆ, ਅਧਿਆਪਨ ਦੇ ਸਿਧਾਂਤ ਅਤੇ ਸੂਤਰ ਅਤੇ ਅਧਿਆਪਨ ਅਤੇ ਸਿੱਖਣ ਦੇ ਆਪਸੀ ਸਬੰਧ ਵਾਰੇ ਚਰਚਾ ਕਰਾਂਗੇ।

**2.2.3 ਅਧਿਆਪਨ ਅਤੇ ਅਧਿਆਪਨ ਦੇ ਸਿਧਾਂਤ :**

ਪੁਰਾਣੇ ਸਮਿਆਂ ਵਿਚ ਪੜ੍ਹਾਉਣ ਤੋਂ ਭਾਵ ਦੱਸਣਾ ਜਾਂ ਜਾਣਕਾਰੀ ਦੇਣਾ ਹੀ ਸਮਝਿਆ ਜਾਂਦਾ ਸੀ। ਅਧਿਆਪਕ ਅਤੇ ਵਿਦਿਆਰਥੀ ਦੇ ਕ੍ਰਿਆਵਾਂ ਕਰਕੇ ਇਕ ਦੂਸਰੇ ਨਾਲ ਜੁੜੇ ਹੋਏ ਹਨ, ਉਹ ਦੋ ਕ੍ਰਿਆਵਾਂ ਹਨ : (1) ਪੜ੍ਹਾਉਣਾ ਅਤੇ (2) ਸਿੱਖਣਾ। ਪੜ੍ਹਾਉਣ ਦਾ ਸਿੱਟਾ ਹੀ ਸਿੱਖਣ ਹੁੰਦਾ ਹੈ। ਅਧਿਆਪਨ ਦਾ ਅਰਥ ਹੈ ਸਿੱਖਣ ਲਈ ਹੱਲਾਸ਼ੇਰੀ ਦੇਣਾ, ਉਤੇਜਨਾ ਪੈਦਾ ਕਰਨਾ, ਸਿੱਖਣ ਦੀ ਤਮੰਨਾ, ਉਮੰਗ ਅਤੇ ਲਾਲਸਾ ਪੈਦਾ ਕਰਨਾ, ਜਿਗਿਆਸਾ ਦਾ ਵਿਕਾਸ ਕਰਨਾ।

ਪ੍ਰੋਫੈਸਰ ਬਰਟਨ ਦੇ ਅਨੁਸਾਰ, ਅਧਿਆਪਨ-ਪ੍ਰੇਰਣਾ, ਅਗਵਾਈ, ਨਿਰਦੇਸ਼ਨ ਅਤੇ ਸਿੱਖਣ ਉਤਸ਼ਾਹਤ ਕਰਨਾ।

ਅਧਿਆਪਨ ਇਕ ਅੰਤਰ-ਕ੍ਰਿਆਵੀ ਪ੍ਰਕਿਰਿਆ ਹੈ। ਇਹ ਅਧਿਆਪਕ ਅਤੇ ਵਿਦਿਆਰਥੀ ਵਿਚਕਾਰਲੀ ਪ੍ਰਕ੍ਰਿਆ ਹੈ। ਅਸਲ ਵਿਚ ਅਧਿਆਪਨ ਅਧਿਆਪਕ, ਵਿਦਿਆਰਥੀ ਅਤੇ ਵਿਸ਼ੇ ਵਿਚਾਲੇ ਹੋ ਰਹੀ ਅੰਤਰ-ਕ੍ਰਿਆ ਦਾ ਹੀ ਅਮਲ ਹੈ।

ਅਧਿਆਪਨ ਇਕ ਕਾਰਜ ਮੁੱਖੀ ਪ੍ਰਕ੍ਰਿਆ ਹੈ। ਸਮਿੱਥ ਦੇ ਅਨੁਸਾਰ, ਪ੍ਰਪੜ੍ਹਾਉਣਾ ਕ੍ਰਿਆਵਾਂ ਦਾ ਇਕ ਸਿਸਟਮ ਹੈ ਜਿਸ ਦਾ ਉਦੇਸ ਹੈ, ਰੁਸਿੱਖਾਉਣਾਗ਼। ਪਰੰਤੂ ਇਹ ਜ਼ਰੂਰੀ ਨਹੀਂ ਕਿ ਪੜ੍ਹਾਉਣ ਦਾ ਸਿੱਟਾ ਸਿੱਖਣਾ ਜ਼ਰੂਰ ਹੋਵੇ। ਮਨੁੱਖ ਬਿਨਾਂ ਪੜ੍ਹਾਏ ਵੀ ਸਿੱਖ ਸਕਦਾ ਹੈ, ਕਲਾਰਕ ਦੇ ਸ਼ਬਦਾਂ ਵਿਚ, ਪੜ੍ਹਾਉਣਾ ਵਿਦਿਆਰਥੀ ਵਿਚ, ਉਸ ਦੇ ਵਿਵਹਾਰ ਵਿਚ ਤਬਦੀਲੀ ਲਿਆਉਣ ਦਾ ਅਮਲ ਹੈ। ਪੜ੍ਹਾਉਣ ਨਾਲ ਵਿਦਿਆਰਥੀ ਦੇ ਵਿਵਹਾਰ ਵਿਚ ਤਬਦੀਲੀ ਜ਼ਰੂਰ ਆਉਣੀ ਚਾਹੀਦੀ ਹੈ, ਚਾਹੇ ਉਹ ਕਿੰਨੀ ਵੀ ਥੋੜ੍ਹੀ ਤੇ ਮਾਮੂਲੀ ਹੋਵੇ। ਜੇ ਅਜਿਹਾ ਨਹੀਂ ਹੁੰਦਾ ਤਾਂ ਅਧਿਆਪਨ ਆਪਣੇ ਮਕਸਦ ਵਿਚ ਸੁੰਲ ਨਹੀਂ ਹੁੰਦਾ।

ਅਧਿਆਪਨ ਬਹੁਤ ਹੀ ਜਟਿਲਗ਼ ਪੇਚੀਦਾ ਸੰਕਲਪ ਹੈ। ਇਹ ਇਕ ਗੁੰਝਲਦਾਰ ਕਲਾ ਹੈ ਜਿਸ ਰਾਹੀਂ ਵਿਦਿਆਰਥੀਆਂ ਦਾ ਵੱਖ-ਵੱਖ ਚੁਣੇ ਹੋਏ ਅਨੁਭਵਾਂ ਦੁਆਰਾ ਮਾਰਗਦਰਸ਼ਨ ਕੀਤਾ ਜਾਂਦਾ ਹੈ ਅਤੇ ਅਧਿਆਪਨ-ਸਿੱਖਣ ਦੇ ਟੀਚਿਆਂ ਪ੍ਰਾਪਤ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

ਡਬਲਯੂ. ਐਮ. ਰਾਈਬਰਨ ਦੇ ਅਨੁਸਾਰ, ਅਧਿਆਪਨ ਕੇਵਲ ਅਧਿਆਪਕ ਅਤੇ ਵਿਦਿਆਰਥੀ ਦਾ ਰਿਸ਼ਤਾ ਹੁੰਦਾ ਹੈ, ਸੰਬੰਧ ਹੁੰਦਾ ਹੈ ਜਿਸ ਰਾਹੀਂ ਵਿਦਿਆਰਥੀ ਆਪਣੀਆਂ ਸ਼ਕਤੀਆਂ ਵਿਕਸਤ ਕਰਦਾ ਹੈ।

ਸਵਾਮੀ ਵਿਵੇਕਾਨੰਦ ਜੀ ਨੇ ਅਧਿਆਪਨ ਵਿਚ ਅਧਿਆਪਕ ਦੀ ਭੂਮਿਕਾ ਦਾ ਬਖਾਨ ਕਰਦੇ ਹੋਏ ਕਿਹਾ ਹੈ ਕਿ ਸੱਚਾ ਅਧਿਆਪਕ ਉਹ ਹੁੰਦਾ ਹੈ ਜਿਹੜਾ ਕਿ ਤੁਰੰਤ ਹੀ ਬੱਚਿਆਂ ਸਿੱਖਿਆਰਥੀ ਦੇ ਪੱਧਰ ਤੇ ਉੱਤਰ ਜਾਵੇ।

**2.2.3.1 ਅਧਿਆਪਨ ਦੇ ਸਧਾਰਣ ਅਤੇ ਮਨੋਵਿਗਿਆਨਕ ਸਿਧਾਂਤ :**

ਅਧਿਆਪਨ ਦੇ ਸਿਧਾਂਤ ਅਧਿਆਪਕ ੂ ਇਸ ਯੋਗ ਬਣਾ ਦਿੰਦੇ ਨੇ ਕਿ ਜਿਸ ਰਾਹੀ[ ਉਹ ਅਧਿਆਪਨ–ਸਿਖਣ ਪ੍ਰਕ੍ਰਿਆ ੂ ਚੁਨੌਤੀਪੂਰਨ, ਪ੍ਰੇਰਣਾਪੂਰਣ ਅਤੇ ਪ੍ਰਭਾਵੱਾਲੀ ਬਣਾ ਸਕੇ। ਪ੍ਰਭਾਵੱਾਲੀ ਅਧਿਆਪਨ ਲਈ ਅਧਿਆਪਕ ੂ ਸਿੱਖਿਆਰਥੀਆਂ ਦੇ ਪੱਧਰ ਤੇ ਉੱਤਰਨਾ ਪੈ[ਦਾ ਹੈ ਤਾਂਕਿ ਉਹ ਬੱਚਿਆਂ ਦੇ ਸਿੱਖਨ ਦੇ ਪੱਧਰ ੂ ਉੱਚਾ ਉਠਾ ਸਕੇ। ਇਨ੍ਹਾਂ ਉਦੇੱਾਂ ਦੀ ਪ੍ਰਾਪਤੀ ਹੇਤੂ ਅਧਿਆਪਕ ੂ ਹੇਠ ਲਿਖੇ ਅਧਿਆਪਨ ਦੇ ਸਿਧਾਂਤਾਂ ਦੀ ਪਾਲਨਾ ਕਰਨੀ ਚਾਹੀਦੀ ਹੈ। ਇਨ੍ਹਾਂ ਅਧਿਆਪਨ ਸਿਧਾਂਤਾ ਨੂੰ ਦੋ ਮੁੱਖ ਸਮੂਹਾਂ ਵਿਚ ਵਰਗੀਕ੍ਰਿਤ ਕੀਤਾ ਜਾ ਸਕਦਾ ਹੈ।

ੳ) ਸਧਾਰਨ ਸਿਧਾਂਤ

ਅ) ਮਨੋਵਿਗਿਆਨਿਕ ਸਿਧਾਂਤ

**ੳ) ਸਧਾਰਨ ਸਿਧਾਂਤ**

(1) **ਨਿੱਚਿਤ ਟੀਚਿਆਂ ਅਤੇ ਉਦੇੱਾਂ ਦਾ ਸਿਧਾਂਤ** : ਅਧਿਆਪਕ ਅਤੇ ਵਿਦਿਆਰਥੀਆਂ ੂ ਅਧਿਆਪਨ ਅਤੇ ਸਿੱਖਣ ਦੇ ਟੀਚੇ ਅਤੇ ਉਦੇੱ ਸਪੱਟ ਅਤੇ ਸਾ  ਹੋਣੇ ਚਾਹੀਦੇ ਹਨ।

(2) **ਸਿੱਖਿਆਰਥੀ ਕੇ[ਦਰਿਤ ਦਾ ਸਿਧਾਂਤ** : ਅਜ ਦੇ ਸਮੇ[ ਵਿਚ ਸੰਪੂਰਨ ਅਧਿਆਪਨ ਸਿੱਖਣ ਪ੍ਰਕ੍ਰਿਆ ਦਾ ਕੇ[ਦਰ ਬੱਚਾ ਹੀ ਹੈ। ਇਸ ਲਈ ਇਹ  ਰੂਰੀ ਹੈ ਕਿ ਅਧਿਆਪਨ ਦੇ ਢੰਗ, ਰਣਨੀਤਿਆਂ ਆਦਿ ਵਿਦਿਆਰਥੀ ਦੀ ਲੋੜ, ਰੁਚੀ ਅਤੇ ਯੋਗਤਾ ਦੇ ਅਨੁਰੂਪ ਹੋਵੇ।

(3) **ਵਿਅਕਤੀਗਤ ਭਿੰਨਤਾ ਦਾ ਸਿਧਾਂਤ**– ਅਧਿਆਪਕ ਨੂੰ ਜਮਾਤ ਦੇ ਸਾਰੇ ਬੱਚਿਆਂ ਦੀ ਸਿੱਖਣ ਗਤੀ ਨੂੰ ਧਿਆਨ ਵਿਚ ਰੱਖਦੇ ਹੋਏ ਅਧਿਆਪਨ ਦੀ ਯੋਜਨਾਵਾਂ ਤੇ ਲਾਗੂ ਕਰਨ ਦੀ ਵਿਵਸਥਾ ਕਰਨੀ ਚਾਹੀਦੀ ਹੈ, ਕਿਉਂਕਿ ਹਰੇਕ ਬੱਚਾ ਦੂਸਰੇ ਬੱਚਿਆਂ ਤੋ ਭਿੰਨ ਹੁੰਦਾ ਹੈ ਅਤੇ ਉਸਦੇ ਸਿੱਖਣ ਦੀ ਗਤੀ ਵੀ ਦੂਸਰਿਆਂ ਨਾਲੋ ਭਿੰਨ ਹੁੰਦੀ ਹੈ। ਬੱਚਿਆਂ ਦੀਆਂ ਯੋਜਨਾਵਾਂ, ਰੁਚੀਆਂ ਅਤੇ ਝੁਕਾਵਾਂ ਦੇ ਅਨੁਸਾਰ ਹੀ ਬੱਚਿਆਂ ਨੂੰ ਪੜ੍ਹਾਇਆਂ ਜਾਣਾ ਚਾਹੀਦਾ ਹੈ।

(4) **ਕਿਰਿਆੱੀਲਤਾ ਦਾ ਸਿਧਾਂਤ** : ਬੱਚੇ ੂ ਜਮਾਤ ਦੇ ਅਧਿਆਪਨ–ਸਿੱਖਣ ਪ੍ਰਕ੍ਰਿਆ ਦੌਰਾਨ ਕਿਰਿਆੱੀਲ ਰਖਣਾ ਹੀ ਅਧਿਆਪਨ ਦਾ ਮੁੱਖ ਉਦੇੱ ਹੈ।

(5) **ਸਹਿਯੋਗ ਦਾ ਸਿਧਾਂਤ** : ਜਦੋ[ ਅਧਿਆਪਨ–ਸਿੱਖਣ ਪ੍ਰਕ੍ਰਿਆ ਦੌਰਾਨ ਵਿਦਿਆਰਥੀ ਅਤੇ ਅਧਿਆਪਕ ਇਕ ਦੂਜੇ ਦੇ ਸਹਿਯੋਗ ਨਾਲ ਕੰਮ ਕਰਦੇ ਹਨ ਤਾਂ ਜਮਾਤ ਦਾ ਵਾਤਾਵਰਣ ਬਹੁਤ ਵਧੀਆ ਬਣ ਜਾਂਦਾ ਹੈ।

(6) **ਪ੍ਰਗਤੀਸ਼ੀਲਤਾ ਦਾ ਸਿਧਾਤ**– ਅਧਿਆਪਨ ਪ੍ਰਗਤੀਸੀਲਤਾ ਹੋਣਾ ਚਾਹੀਦਾ ਹੈ। ਅਧਿਆਪਕ ਨੂੰ ਸਿੱਖਣ ਦੇ ਸਮਾਜਿਕ ਉਦੇਸ਼ਾ ਦੀ ਪੂਰਤੀ ਲਈ ਅਤੇ ਵਿਦਿਆਰਥੀਆਂ ਦੀ ਪ੍ਰਾਪਤੀ ਪ੍ਰਤੀ ਪ੍ਰਗਤੀ, ਰੁਚੀਆ ਅਤੇ ਰਵਇਏ ਲਈ ਆਪਣੇ ਹੁਨਰਾਂ ਦਾ ਵਿਕਾਸ ਕਰਨਾ ਚਾਹੀਦਾ ਹੈ ਅਤੇ ਵੱਖ ਵੱਖ ਤਕਨੀਕਾਂ ਦੀ ਵਰਤੋ ਕਰਨੀ ਚਾਹੀਦੀ ਹੈ ਜਿਸ ਰਾਹੀ ਉਹ ਇਨ੍ਹਾਂ ਉਦੇਸ਼ਾ ਦੀ ਪੂਰਤੀ ਕਰ ਸਕੇ।

**ਅ) ਮਨੋਵਿਗਿਆਨਿਕ ਸਿਧਾਂਤ**) ਮਨੋਵਿਗਿਆਨਿਕ ਸਿਧਾਂਤ

1) **ਪ੍ਰੇਰਣਾ ਦਾ ਸਿਧਾਂਤ**: ਇਹ ਵਿਦਿਆਰਥੀ ਵਿਚ ਰੁਚੀ ਪੈਦਾ ਕਰਦੀ ਹੈ। ਇਸ ਲਈ ਜਦੋ ਵਿਦਿਆਰਥੀ ਪ੍ਰੇਰਿਤ ਹੋ ਜਾਂਦਾ ਹੈ ਉਹ ਪੜ੍ਹਾਈ ਦੇ ਕੰਮ ਵਿਚ ਧਿਆਨ ਦਿੰਦਾ ਹੈ।

2) **ਅਸਲ ਜੀਵਨ ਨਾਲ ਜੋੜਕੇ ਪੜ੍ਹਾਉਣ ਦਾ ਸਿਧਾਂਤ** : ਅਧਿਆਪਨ ਸਦਾ ਹੀ ਸਮਾਜਿਕ ਸੰਦਰਭ ਵਿਚ ਹੁੰਦਾ ਹੈ। ਇਸ ਲਈ ਕੋਈ ਵੀ ਵਿੱ ਪੜ੍ਹਾਉ[ਦੇ ਸਮੇ[ ਰੋ ਮਰਹਾ ਦੀ ਿਦਗੀ ਤੋ[ ਕੁਝ ਕੁ ਉਦਾਹਰਣਾਂ ਦੇ ਕੇ ਪੜ੍ਹਾਉਣ ਨਾਲ ਅਧਿਆਪਨ ਪ੍ਰਭਾਵੱਾਲੀ ਅਤੇ ਰੁਚੀਕਰ ਬਣਦਾ ਹੈ ਅਤੇ ਵਿਦਿਆਰਥੀ ਵੀ ਵਿੱ ਦੀ ਮਹੱਤਤਾ ੂ ਸਮਝਦੇ ਹਨ।

(3) **ਜਮਾਤ ਵਿਚ ਵਿਦਿਆਰਥੀਆਂ ਦੀ ਭਾਗੀਦਾਰੀ ਦਾ ਸਿਧਾਂਤ** : ਇਸ ਸਿਧਾਂਤ ਦੇ ਅਨੁਸਾਰ ਅਧਿਆਪਨ ਸਿੱਖਣ ਪ੍ਰਕ੍ਰਿਆ ਦੇ ਹਰੇਕ ਪੜਾਅ ਤੇ ਵਿਦਿਆਰਥੀਆਂ ਦੀ ਸਰਗਰਮ ਭਾਗੀਦਾਰੀ ਹੋਣੀ  ਰੂਰੀ ਹੈ।

(4) **ਯੋਜਨਾਬੱਧਤਾ ਦਾ ਸਿਧਾਂਤ** : ਅਧਿਆਪਨ ਸਦਾ ਹੀ ਯੋਜਨਾਬੱਧ ਹੋਣਾ ਚਾਹੀਦਾ ਹੈ। ਇਸ ਵਿਚ ਪਾਠਾਂ ਦੀ ਤਿਆਰੀ, ਸਹਾਇਕ ਸਾਮਗ੍ਰੀ ਉਦੇੱ ਅਤੇ ਟੀਚੇ ਨਿਰਧਾਰਿਤ ਕਰਨਾ, ਪੜ੍ਹਾਉਣ ਦੇ ਢੰਗ ਅਤੇ ਰਣਨੀਤਿਆਂ ਦੀ ਚੋਣ ਆਦਿ ੱਾਮਿਲ ਹੈ।

(5) **ਪ੍ਰਭਾਵੱਲੀ ਰਣਨੀਤਿਆਂ ਦਾ ਸਿਧਾਂਤ** : ਅਧਿਆਪਕ ੂ ਹਮੇੱ ਹੀ ਪੜ੍ਹਾਉਣ ਤੋ[ ਪਹਿਲਾਂ ਪ੍ਰਭਾਵੱਲੀ ਰਣਨੀਤਿਆਂ ਦੀ ਚੋਣ ਕਰ ਲੈਣੀ ਚਾਹੀਦੀ ਹੈ ਤਾਂਕਿ ਅਧਿਆਪਨ ਪ੍ਰਭਾਵੱਲੀ ਅਤੇ ਉਦੇੱਪੂਰਣ ਬਣ ਸਕੇ।

(6) **ਲਚੀਲੇਪਨ ਦਾ ਸਿਧਾਂਤ** : ਅਧਿਆਪਨ ਇਕ ਗੁੰਝਲਦਾਰ ਕੰਮ ਹੈ ਕਿਉ[ਕਿ ਇਹ ਮਨੁੱਖੀ ਵਿਵਹਾਰ ਨਾਲ ਸਬੰਧਤ ਹੈ ਜਿਹੜਾ ਕਿ ਆਪਣੇ ਆਪ ਵਿਚ ਹੀ ਬਹੁਤ ਗੁੰਝਲਦਾਰ ਹੈ। ਇਸ ਲਈ ਅਧਿਆਪਕ ਦੁਆਰਾ ਪੜ੍ਹਾਉਣ ਲਈ ਕੀਤੀ ਗਈ ਤਿਆਰੀ ਵਿਚ ਯੋਜਨਾ ਦੇ ਨਾਲ–ਨਾਲ ਲਚਕਤਾ ਦਾ ਹੋਣਾ ਵੀ ਬਹੁਤ ਰੂਰੀ ਹੈ, ਕਿਉ[ਕਿ ਕਈ ਵਾਰ ਜਮਾਤ ਵਿਚ ਕੁਝ ਇਸ ਤਰ੍ਹਾਂ ਦੇ ਹਾਲਾਤ ਵੀ ਬਣ ਜਾਂਦੇ ਹਨ ਜਿਹੜੇ ਕਿ ਅਧਿਆਪਨ ਸਿੱਖਣ ਪ੍ਰਕ੍ਰਿਆ ਦੀ ਯੋਜਨਾ ਦਾ ਹਿੱਸਾ ਨਹੀ[ ਹੁੰਦੇ। ਇਸ ਲਈ ਅਧਿਆਪਕ ੂ ਉਨ੍ਹਾਂ ਹਲਾਤਾਂ ਲਈ ਵੀ ਤਿਆਰ ਰਹਿਣਾ ਚਾਹੀਦਾ ਹੈ।

(7) **ਸੰਬੰਧਤਾ ਦਾ ਸਿਧਾਂਤ** : ਅਧਿਆਪਕ ੂ ਚਾਹੀਦਾ ਹੈ ਕਿ ਉਹ ਬੱਚਿਆਂ ੂ ਨਵੀਆਂ ਪੜ੍ਹਨ ਵਾਲੀ ਗਲਾਂ ੂ, ਪਹਿਲਾਂ ਤੋ[ ਹੀ ਪਤਾ ਗਿਆਨ ਨਾਲ ਸੰਬੰਧਤ ਕਰਕੇ ਪੜ੍ਹਾਵੇ। ਜਿਸ ਰਾਹੀ[ ਨਵਾਂ ਗਿਆਨ ਬੱਚਿਆਂ ਲਈ ਸਿੱਖਣਾ ਆਸਾਨ ਹੋ ਜਾਵੇਗਾ ਅਤੇ ਅਧਿਆਪਕ ਵੀ ਪ੍ਰਭਾਵੱਲੀ ਹੋਵੇਗਾ।

8) **ਹਮਦਰਦੀ ਤੇ ਦਿਆਲਤਾ ਦਾ ਸਿਧਾਂਤ:** ਚੰਗਾ ਅਧਿਆਪਕ ਇਕ ਚੰਗਾ ਦੋਸਤ ਤੇ ਪੱਥ ਪ੍ਰਦਰਸ.ਕ ਹੁੰਦਾ ਹੈ। ਅਧਿਆਪਕ ਦਾ ਵਿਵਹਾਰ ਬੱਚਿਆਂ ਪ੍ਰਤੀ ਹਮਦਰਦੀ ਵਾਲਾ ਹੋਣਾ ਚਾਹੀਦਾ ਹੈ ਅਤੇ ਉਸ ਨੂੰ ਹਰੇਕ ਵਿਦਿਆਰਥੀ ਨੂੰ ਸਮਝਣ ਦੀ ਕੋਸਿਸ ਕਰਨੀ ਚਾਹੀਦੀ ਹੈ ਤਾਂ ਕਿ ਕੋਈ ਵਿਦਿਆਰਥੀ ਉਸ ਤੋ ਡਰੇ ਨਹੀ ਅਤੇ ਉਸ ਦਾ ਸਨਮਾਨ ਕਰੇ।

9) **ਸਿਰਜਨਾਤਮਿਕਤਾ ਦਾ ਸਿਧਾਂਤ:** ਅਧਿਆਪਕ ਦੌਰਾਨ ਅਧਿਆਪਕ ਨੂੰ ਵਿਦਿਆਰਥੀਆਂ ਅੰਦਰ ਸਿਰਜਨਾਤਮਕਤਾਂ ਉਤਪੰਨ ਕਰਨ ਦਾ ਯਤਨ ਕਰਨਾ ਚਾਹੀਦਾ ਹੈ। ਵਿਦਿਆਰਥੀਆਂ ਵਿਚ ਰੱਟੇ ਦੀ ਪ੍ਰਵਿਰਤੀ ਨੂੰ ਦੂਰ ਕਰਦੇ ਹੋਏ ੇ ਸਿਰਜਨਾਤਮਕ ਵਿਦਿਆਰਥੀਆਂ ਦੀ ਹੌਸਲਾ ਅਫਜਾਈ ਕਰਨੀ ਚਾਹੀਦੀ ਹੈ।

(10) **ਤੱਤਪਰਤਾ ਦਾ ਸਿਧਾਂਤ** : ਅਧਿਆਪਕ ੂ ਬੱਚਿਆਂ ੂ ਸਿੱਖਣ ਲਈ ਤੱਤਪਰ ਕਰਨਾ ਬਹੁਤ ਰੂਰੀ ਹੈ। ਨਹੀ[ ਤਾਂ ਬੱਚਾ ਸਿੱਖਣ ਲਈ ਤਿਆਰ ਨਹੀ[ ਹੋਵੇਗਾ। ਜਿਸ ਦਾ ਅਧਿਆਪਨ ਤੇ ਉਲਟ ਪ੍ਰਭਾਵ ਪੈ[ਦਾ ਹੈ।

(11) **ਜਮਾਤ ਵਿਚ ਵਧੀਆ ਵਾਤਾਵਰਯਣ ਦਾ ਸਿਧਾਂਤ** : ਜਮਾਤ ਦਾ ਵਾਤਾਵਰਣ ਸਿੱਖਣ ਅਤੇ ਅਧਿਆਪਨ ਦੇ ਅਨੁਕੂਲ ਹੋਣਾ ਚਾਹੀਦਾ ਹੈ। ਜਿਸ ਵਿਚ ਪ੍ਰੇਰਿਤ ਵਿਦਿਆਰਥੀ, ਅਨੁੱਾਸਨ, ਅਧਿਆਪਕ ਦਾ ਸਿੱਖਿਆਰਥੀ ਪ੍ਰਤਿ ਰਵਾਇਆ, ਜਮਾਤ ਵਿਚ ਵਧੀਆ ਰੌਂਨੀ, ਬੈਠਣ ਦਾ ਇੰਤ ਾਮ ਆਦਿ ੱਾਮਿਲ ਹਨ।

(12) **ਪੁਨਰਬਲਨ ਦਾ ਸਿਧਾਂਤ** : ਅਧਿਆਪਕ ੂ ਸਮੇ[–ਸਮੇ[ ਤੇ ਬੱਚਿਆਂ ੂ ਹਲਾ ੇਰੀ ਦੇਣੀ ਚਾਹੀਦੀ ਹੈ। ਜਿਸ ਕਰਕੇ ਉਨ੍ਹਾਂ ਦਾ ਵਿੱੋ ਅਤੇ ਜਮਾਤ ਵਿਚ ਧਿਆਨ ਬਣਿਆ ਰਹੇ ਅਤੇ ਉਹ ਪ੍ਰੋਤੱਾਹਿਤ ਰਹਿਣ। ਬੱਚਿਆਂ ਦੀ ਪ੍ਰਾਪਤੀ ਤੇ ਉਨ੍ਹਾਂ ਦੀ ਪ੍ਰੰੱਾ ਕਰਨਾ ਰੂਰੀ ਹੁੰਦਾ ਹੈ।

ਅੰਤ ਵਿਚ ਅਸੀ[ ਕਹਿ ਸਕਦੇ ਹਾਂ ਕਿ ਇਹ ਅਧਿਆਪਨ ਦੇ ਸਿਧਾਂਤ ਅਧਿਆਪਨ ੂ ਪ੍ਰਭਾਵੱਲੀ ਬਣਾਉ[ਦੇ ਹਨ ਅਤੇ ਸਿੱਖਣ ੂ ਆਸਾਨ ਬਣਾਉ[ਦੇ ਹਨ।

**2.2.4 ਅਧਿਆਪਨ ਦੇ ਸੂਤਰ**

ਅਧਿਆਪਨ ਕਲਾ ਤਾਂ ਹੈ ਪਰ ਨਾਲ ਨਾਲ ਇਹ ਤਕਨੀਕ ਵੀ ਹੈ, ਵਿਗਿਆਨ ਵੀ ਹੈ, ਚੱਜ ਵੀ ਹੈ। ਇਸ ਤਕਨੀਕ ਦੇ ਕਈ ਨਿੱਕੇ ਨਿੱਕੇ ਅਸੂਲ ਜਾਂ ਸੂਤਰ (ਝਘਜਠਤ) ਹਨ ਜਿਨ੍ਹਾਂ ਦੀ ਪਛਾਣ ਵਿਗਿਆਨੀਆਂ ਦੇ ਲੰਬੇ ਤਜ਼ਰਬੇ ਤੋਂ ਬਾਅਦ ਕੀਤੀ ਗਈ ਹੈ। ਪੜ੍ਹਾਉਣ ਵੇਲੇ ਇਨ੍ਹਾਂ ਦੀ ਵਰਤੋਂ ਕਰਨ ਨਾਲ ਅਧਿਆਪਕ ਉਦੇਸ਼ ਪੂਰਤੀ ਵਿਚ ਸਹਿਜੇ ਹੀ ਸੁੱਲ ਹੋ ਜਾਂਦਾ ਹੈ। ਕੁਝ ਪ੍ਰਮੁੱਖ ਸੂਤਰ ਹੇਠਾਂ ਦਿੱਤੇ ਜਾਂਦੇ ਹਨ :

(1) **ਗਿਆਤ ਤੋਂ ਅਗਿਆਤ ਵੱਲ ਜਾਣਾ** : ਪੜ੍ਹਾਉਣ ਦਾ ਸਭ ਤੋਂ ਸੁਭਾਵਿਕ ਢੰਗ ਹੈ ਉਨ੍ਹਾਂ ਗੱਲਾਂ ਨਾਲ ਪਾਠ ਸ਼ੁਰੂ ਕਰਨਾ ਜਿਹੜੀਆਂ ਵਿਦਿਆਰਥੀ ਪਹਿਲੋਂ ਹੀ ਪਤਾ ਹਨ ਤੇ ਉਸ ਉਨ੍ਹਾਂ ਤੱਥਾਂ ਵੱਲ ਲੈ ਜਾਣਾ ਜਿਨ੍ਹਾਂ ਤੋਂ ਉਹ ਪਰਿਚਿਤ ਨਹੀਂ। ਗਿਆਤ ਤੱਥਾਂ ਦੱਸਣ ਦਾ ਉਦੇਸ਼ ਵਿਦਿਆਰਥੀਆਂ ਇਹ ਦਰਸਾਉਣਾ ਹੁੰਦਾ ਹੈ ਕਿ ਇਹ ਨਵੀਆਂ

ਪੜ੍ਹਨ ਵਾਲੀਆਂ ਗੱਲਾਂ ਗਿਆਤ ਗੱਲਾਂ ਨਾਲੋਂ ਕਿਵੇਂ ਭਿੰਨ ਹਨ ਜਾਂ ਇਨ੍ਹਾਂ ਵਿਚ ਕੀ ਸਮਾਨਤਾ ਹੈ। ਨਵੇਂ ਤੇ ਔਖੇ ਸ਼ਬਦਾਂ ਦਾ ਆਧਾਰ ਵੀ ਸੌਖੇ ਤੇ ਜਾਣੇ ਪਹਿਚਾਨੇ ਸ਼ਬਦ ਹੋਣੇ ਚਾਹੀਦੇ ਹਨ।

(2) **ਸਰਲ ਤੋਂ ਗੁੰਝਲਦਾਰ ਜਾਂ ਕਠਿਨ ਵੱਲ ਜਾਣਾ** : ਵਿਸ਼ੇ-ਸਾਮਗ੍ਰੀ ਦੀ ਵੰਡ ਇਸ ਤਰ੍ਹਾਂ ਕਰਨੀ ਚਾਹੀਦੀ ਹੈ ਕਿ ਸਹਿਜੇ ਸਮਝ ਵਿਚ ਆਉਣ ਵਾਲੇ ਵਿਚਾਰਾਂ ਦੀ ਵਰਤੋਂ ਆਰੰਭਕ-ਬਿੰਦੂਆਂ ਦੇ ਰੂਪ ਵਿਚ ਕੀਤੀ ਜਾਵੇ ਤੇ ਬਾਕੀ ਤੱਥ ਤੇ ਗੱਲਾਂ ਇਸੇ ਤਰ੍ਹਾਂ ਕ੍ਰਮ ਨਾਲ ਪਾਠ ਵਿਚ ਆਉਣ। ਪ੍ਰਸਰਲ ਤੇ ਪ੍ਰਕਠਿਨ ਸ਼ਬਦਾਂ ਤੋਂ ਭਾਵ ਹੈ ਸਾਮਗ੍ਰੀ ਦਾ ਵਿਦਿਆਰਥੀਆਂ ਦੀ ਯੋਗਤਾ ਮੁੱਖ ਰੱਖ ਕੇ ਸਾਧਾਰਣ ਜਾਂ ਗੁੰਝਲਦਾਰ ਹੋਣਾ ਨ ਕਿ ਬਾਲਗਾਂ ਦੇ ਪੱਖ ਤੋਂ ਵਿਸ਼ੇ-ਵਸਤੂ ਦਾ ਸੌਖਾ ਜਾਂ ਔਖਾ ਹੋਣਾ। ਸਾਧਾਰਣ ਦਾ ਅਰਥ ਉਹ ਵਿਸ਼ੈ-ਵਸਤੂ ਹੈ ਜੋ ਆਰੰਭਿਕ ਜਿਹੀ ਹੋਵੇ ਤੇ ਜਿਸ ਤੋਂ ਬੱਚਾ ਪੂਰੀ ਤਰ੍ਹਾਂ ਜਾਣੂੰ ਹੋਵੇ। ਇਸ ਤੋਂ ਇਲਾਵਾ ਅਧਿਆਪਕ ਚਾਹੀਦਾ ਹੈ ਕਿ ਸਭ ਤੋਂ ਪਹਿਲਾਂ ਉਪ-ਵਿਸ਼ੇ ਦੇ ਉਘੇ ਪੱਖ ਹੀ ਬੱਚਿਆਂ ਸਾਮ੍ਹਣੇ ਰੱਖੇ; ਇਸ ਤੋਂ ਉਪਰੰਤ ਹੀ ਉਸ ਵਿਸ਼ੇ ਦਾ ਵੇਰਵਾ ਵਿਦਿਆਰਥੀਆਂ ਦੱਸੇ।

(3) **ਅਨਿਸ਼ਚਿਤ ਤੋਂ ਨਿਸ਼ਚਿਤ ਵੱਲ ਜਾਣਾ** : ਨਿੱਕੇ ਬੱਚਿਆਂ ਦੇ ਮੁਢਲੇ ਵਿਚਾਰ ਅਨਿਸ਼ਚਿਤ ਜਿਹੇ ਹੁੰਦੇ ਹਨ ਤੇ ਸਿੱਖਿਆ ਦਾ ਉਦੇਸ਼ ਹੈ ਉਨ੍ਹਾਂ ਨਿਸ਼ਚਿਤ ਤੇ ਪ੍ਰਤੱਖ ਬਣਾਉਣਾ। ਇਹ ਉਦੇਸ਼ ਤਾਂ ਹੀ ਪੂਰਾ ਹੋ ਸਕਦਾ ਹੈ ਜੇ ਬੱਚੇ ਪਾਠ ਵਿਚ ਰੁਚੀ ਲੈਣ, ਜੇ ਉਨ੍ਹਾਂ ਦੀਆਂ ਨਿਰੀਖਣ ਸ਼ਕਤੀਆਂ ਵਿਕਸਿਤ ਹੋਣ ਤੇ ਜੇ ਉਹ ਸਿੱਖਣ ਕ੍ਰਿਆ ਵਿਚ ਵੱਧ-ਚੜ੍ਹ ਕੇ ਭਾਗ ਲੈਣ। ਚੰਗਾ ਅਧਿਆਪਨ ਉਹ ਹੈ ਜਿਸ ਵਿਚ ਪੜ੍ਹਾਇਆ ਗਿਆ ਹਰ ਇਕ ਸ਼ਬਦ ਬੱਚੇ ਦੇ ਮਨ ਵਿਚ ਤਸਵੀਰ ਵਾਂਗ ਸਥਿਰ ਹੋ ਜਾਵੇ।

(4) **ਮੂਰਤ ਤੋਂ ਅਮੂਰਤ ਵੱਲ ਜਾਣਾ** : ਬੱਚਾ ਉਸ ਗੱਲ ਚੰਗੀ ਤਰ੍ਹਾਂ ਸਮਝ ਜਾਂਦਾ ਹੈ ਜਿਹੜੀ ਕਿਸੇ ਚਿੱਤਰ ਜਾਂ ਉਦਾਹਰਣ ਰਾਹੀਂ ਪੜ੍ਹਾਈ ਜਾਵੇ। ਸਥੂਲ ਸਾਮਗਰੀ ਦੀ ਵਰਤੋਂ ਕਲਪਨਾ ਦੇ ਵਿਕਸਿਤ ਹੋਣ ਵਿਚ ਸਹਾਇਕ ਸਿੱਧ ਹੁੰਦੀ ਹੈ। ਤਿੰਨ+ਦੋ= ਪੰਜ, ਇਕ ਸੂਹੈਮ ਵਿਚਾਰ ਹੈ ਜਿਸ ਤਿੰਨ ਮਣਕੇ + ਦੋ ਮਣਕੇ ਵਾਲੇ ਉਦਾਹਰਣ ਨਾਲ ਸੌਖੇਰਾ ਬਣਾਇਆ ਜਾ ਸਕਦਾ ਹੈ। ਬੱਚੇ ਇਹੋ ਅਨੁਭਵ ਸੋਟੀਆਂ, ਤੀਲ੍ਹੀਆਂ ਆਦਿ ਗਿਣਵਾ ਕੇ ਕਰਵਾਇਆ ਜਾ ਸਕਦਾ ਹੈ ਕਿ 3+2, ਪੰਜ ਹੁੰਦੇ ਹਨ। ਸਥੂਲ ਵਸਤਾਂ ਦੀ ਵਰਤੋਂ ਸਦਕਾ ਸੂਖਮ ਵਿਚਾਰ ਵੀ ਬੱਚੇ ਦੀ ਸਮਝ ਵਿਚ ਆ ਜਾਂਦਾ ਹੈ।

(5) **ਵਿਸ਼ੇਸ਼ ਤੋਂ ਸਾਮਾਨਿ ਵੱਲ ਜਾਣਾ** : ਇਸ ਦਾ ਭਾਵ ਹੈ ਕਿ ਵਿਸ਼ੇਸ਼ ਕਥਨ ਜਾਂ ਤੱਥ ਬੱਚਿਆਂ ਸਾਮਾਨਿ ਨਿਯਮ ਜਾਂ ਸਿੱਧਾਂਤ ਦੱਸਣ ਤੋਂ ਪਹਿਲਾਂ ਦੱਸਣੇ ਚਾਹੀਦੇ ਹਨ। ਅਸਲ ਵਿਚ ਤਾਂ ਵਿਸ਼ੇਸ਼ ਤੱਥਾਂ ਦੇ ਅਧਿਐਨ ਤੋਂ ਬੱਚੇ ਆਪ ਹੀ ਸਾਮਾਨਿ ਨਿਯਮ ਜਾਂ ਸਾਧਾਰਣੀਕਰਨਾਂ ਬਣਾਉਣ ਤਾਂ ਚੰਗਾ ਹੈ। ਚੰਗਾ ਅਧਿਆਪਨ ਤਾਂ ਉਹ ਹੈ ਜਿਸ ਵਿਚ ਬੱਚੇ ਸਹੀ ਨਿਰੀਖਣ-ਕ੍ਰਿਆ ਰਾਹੀਂ ਆਪੇ ਹੀ ਸਹੀ ਸਾਧਾਰਣੀਕਰਨਾ ਬਣਾਉਣ ਦੇ ਯੋਗ ਹੋ ਜਾਂਦੇ ਹਨ। ਇਹ ਸਿੱਧਾਂਤ ਆਗਮਨ ਵਿਧੀ ਵਿਚ ਵੀ ਵਰਤਿਆ ਜਾਂਦਾ ਹੈ।

(6) **ਆਗਮਨ ਤੋਂ ਨਿਗਮਨ ਵਲ ਵੱਧਣਾ** : ਇਸ ਸੂਤਰ ਤੇ ਹੀ ਪੜ੍ਹਾਉਣ ਦੀ ਆਗਮਨ ਵਿਧੀ ਆਧਾਰਿਤ ਹੈ। ਪੜ੍ਹਾਉਣ ਦੇ ਆਗਮਨ ਢੰਗ ਵਿਚ ਵਿਸ਼ੇਸ਼ ਉਦਾਹਰਣਾਂ ਨਾਲ ਪਾਠ ਸ਼ੁਰੂ ਹੁੰਦਾ ਹੈ ਜਿਨ੍ਹਾਂ ਦੀ ਪ੍ਰੀਖਿਆ ਉਪਰੰਤ ਸਾਮਾਨਿ ਨਿਯਮ ਜਾਂ ਸੂਤਰ ਸਥਾਪਿਤ ਕੀਤਾ ਜਾਂਦਾ ਹੈ। ਨਿਗਮਨ ਢੰਗ ਵਿਚ ਇਸ ਦੇ ਬਿਲਕੁਲ ਉਲਟ ਅਸੀਂ ਪਰਿਭਾਸ਼ਾ ਜਾਂ ਸਾਮਾਨਿ ਸਿਧਾਂਤ ਮਿਥ ਲੈਂਦੇ ਹਾਂ ਤੇ ਫਿਰ ਇਸ ਦੀ ਵਰਤੋਂ ਵਿਸ਼ੇਸ਼ ਉਦਾਹਰਣਾਂ ਵਿਚ ਕਰਦੇ ਹਾਂ।

ਅਧਿਆਪਨ ਕ੍ਰਿਆ ਵਿਚ ਆਗਮਨ ਤੇ ਨਿਗਮਨ ਵਿਧੀਆਂ ਦੀ ਮਹੱਤਵ ਭਰਪੂਰ ਥਾਂ ਹੈ। ਜਦੋਂ ਬੱਚਿਆਂ ਨਵਾਂ ਨਿਯਮ ਜਾਂ ਸਿੱਧਾਂਤ ਪੜ੍ਹਾਉਣਾ ਹੋਵੇ ਤਾਂ ਆਗਮਨ ਵਿਧੀ ਦਾ ਪ੍ਰਯੋਗ ਜ਼ਰੂਰੀ ਹੁੰਦਾ ਹੈ। ਇਹ ਵਿਧੀ ਬੱਚੇ ਮਾਨਸਿਕ ਤੌਰ ਤੇ ਗਤੀਸ਼ੀਲ ਬਨਾਉਂਦੀ ਹੈ ਤੇ ਉਸ ਦੇ ਪੂਰਵ-ਗਿਆਨ ਦੀ ਪਰਖ ਕਰਦੀ ਹੈ। ਨਵਾਂ ਨਿਯਮ ਜਾਂ ਸਿੱਧਾਂਤ ਜਿਸ ਦਾ ਉਹ ਆਵਿਸ਼ਕਾਰ ਕਰਦਾ ਹੈ ਉਸ ਦੇ ਦਿਮਾਗ ਵਿਚ ਬੈਠ ਜਾਂਦਾ ਹੈ। ਇਸ ਵਿਧੀ ਸਦਕਾ ਪੜ੍ਹੇ ਨਿਯਮ ਜਲਦੀ ਨਾਲ ਭੁਲਾਏ ਨਹੀਂ ਜਾ ਸਕਦੇ। ਨਿਗਮਨ ਵਿਧੀ ਆਗਮਨ ਵਿਧੀ ਦਾ ਚੰਗਾ ਪੂਰਕ ਹੈ। ਗਣਿਤ ਅਤੇ ਹੋਰਨਾਂ ਵਿਸ਼ਿਆਂ ਦਾ ਬਹੁਤ ਸਾਰਾ ਕੰਮ ਵਿਦਿਆਰਥੀ ਇਸੇ ਵਿਧੀ ਦੀ ਵਰਤੋਂ ਨਾਲ ਕਰਨਾ ਪੈਂਦਾ ਹੈ। ਸਮੱਸਿਆਵਾਂ ਹੱਲ ਕਰਨ ਲਈ ਫਾਰਮੂਲਿਆਂ ਦੇ ਸਿਧਾਂਤਾਂ ਦੀ ਵਰਤੋਂ ਜਿਨ੍ਹਾਂ ਉਸ ਦੇ ਆਗਮਨ ਵਿਧੀ ਨਾਲ ਸਿੱਖਿਆ ਹੁੰਦਾ ਹੈ ਇਸੇ ਢੰਗ ਨਾਲ ਵਿਦਿਆਰਥੀ ਕਰਨੀ ਪੈਂਦੀ ਹੈ। ਵਾਸਤਵ ਵਿਚ ਆਗਮਨ ਵਿਧੀ ਨਾਲ ਪੜ੍ਹਾਏ ਗਏ ਹਰ ਪਾਠ ਦਾ ਅੰਤਲਾ ਭਾਗ ਨਿਗਮਨ ਵਿਧੀ ਨਾਲ ਪੜ੍ਹਾਇਆ ਜਾਂਦਾ ਹੈ।

(7) **ਮਨੋਵਿਗਿਆਨਕ ਢੰਗ ਵਰਤਣਾ** : ਅਧਿਆਪਕ ਦਾ ਕੰਮ ਦੋ ਪ੍ਰਕਾਰ ਦਾ ਹੈ : ਪਹਿਲੇ ਨੰਬਰ ਤੇ ਉਸ ਵਿਸ਼ੈ-ਵਸਤੂ ਕ੍ਰਮ ਜਾਂ ਤਰਤੀਬ ਦੇਣੀ ਪੈਂਦੀ ਹੈ ਤਾਂ ਜੋ ਬੱਚਿਆਂ ਜਾਣਕਾਰੀ ਪ੍ਰਭਾਵਸ਼ਾਲੀ ਢੰਗ ਨਾਲ ਦਿੱਤੀ ਜਾ ਸਕੇ ਤੇ ਦੂਜੇ ਨੰਬਰ ਤੇ ਉਸ ਬੱਚੇ ਦੀ ਪ੍ਰਕ੍ਰਿਤੀ ਵੀ ਸਮਝਣੀ ਪੈਂਦੀ ਹੈ। ਅਧਿਆਪਕ ਇਹ ਦੋਵੇਂ ਕ੍ਰਿਆਵਾਂ ਇਸ ਤਰ੍ਹਾਂ ਜੋੜਨੀਆਂ ਪੈਂਦੀਆਂ ਹਨ ਕਿ ਬੱਚਾ ਜਲਦੀ ਤੇ ਸਰਲਤਾ ਨਾਲ ਸਿੱਖ ਲਵੇ।

ਸਾ ਬੱਚੇ ਕੀ ਜਿਗਿਆਸਾ, ਮੁਕਾਬਲੇ ਦੀ ਚਾਹ, ਸ੍ਵ-ਗਹਿਤਾ ਤੇ ਸਿੱਖਣ ਕ੍ਰਿਆ ਵਿਚਲੀਆਂ ਹੋਰਨਾ ਪ੍ਰਵਿਰਤੀਆਂ ਦੀ ਵਰਤੋਂ ਕਰਨੀ ਚਾਹੀਦੀ ਹੈ।

**ਛੋਟੇ ਉੱਤਰ ਵਾਲੇ ਪ੍ਰਸ਼ਨ** :

(1) ਅਧਿਆਪਨ ਦੇ ਸਿਧਾਂਤਾਂ ਸੂਚੀਬੱਧ ਕਰੋ।

(2) ਅਧਿਆਪਨ ਵਿਚ ਸੂਤਰਾਂ ਦੀ ਭੂਮਿਕਾ ਬਾਰੇ ਦੱਸੋ।

### 2.2.5 ਸਿੱਖਣ ਸਿਧਾਂਤਾਂ ਉਪਰ ਨਿਰਧਾਰਿਤ ਅਧਿਆਪਨ ਸਿਧਾਂਤ (Teaching Principles based on Learning Principles) :

ਚੰਗਾ ਅਧਿਆਪਨ ਕੁਝ ਬੁਨਿਆਦੀ ਸਿਧਾਂਤਾਂ ਦੇ ਨਿਰੀਖਣ ਦੁਆਰਾ ਵਿਸ਼ੇਸ਼ਗਤ ਹੁੰਦਾ ਹੈ। ਇਕ ਕਲਾਕਾਰ ਵਾਂਗ ਅਧਿਆਪਕ ਨੂੰ ਵੀ ਉਹਨਾਂ ਨਿਯਮਾਂ ਦੀ ਜਾਣਕਾਰੀ ਹੋਣੀ ਜ਼ਰੂਰੀ ਹੈ ਜਿਹੜੇ ਉਸਦੇ ਕਿੱਤੇ ਵਿਚ ਮੁਹਾਰਤ ਪ੍ਰਾਪਤ ਕਰਨ ਲਈ ਉਸ ਦੀ ਮਦਦ ਕਰਦੇ ਹੋਣ। ਅਧਿਆਪਨ ਦੇ ਅਜਿਹੇ ਨਿਯਮ ਜ਼ਿਆਦਾ ਕਰਕੇ ਸਿੱਖਣ ਦੇ ਨਿਯਮਾਂ ਉਪਰ ਆਧਾਰਿਤ ਹਨ। ਯੋਕਮ ਅਤੇ ਸਿੰਪਸਨ ਅਨੁਸਾਰ ਹੇਠ ਲਿਖੇ ਅਧਿਆਪਨ ਦੇ ਕੁਝ ਅਜਿਹੇ ਨਿਯਮ ਹਨ ਜੋ ਸਿੱਖਣ ਦੇ ਨਿਯਮਾਂ ਉਪਰ ਆਧਾਰਿਤ ਹਨ:-

#### 1. ਚੰਗੇ ਅਧਿਆਪਨ ਵਿੱਚ ਸਿੱਖਣ ਦੀ ਅਗਵਾਈ ਦੇ ਹੁਨਰ ਸ਼ਾਮਿਲ ਹੁੰਦੇ ਹਨ (Good Teaching involves skills in guiding learning)

ਅਧਿਆਪਨ ਕੇਵਲ ਵਿਦਿਆਰਥੀਆਂ ਨੂੰ ਗਿਆਨ ਪ੍ਰਦਾਨ ਕਰਨ ਦੀ ਇੱਕ ਪ੍ਰਕਿਰਿਆ ਨਹੀਂ ਅਤੇ ਨਾ ਹੀ ਉਹਨਾਂ ਅੰਦਰ ਅਣਇੱਛਤ ਪ੍ਰਵਿਰਤੀਆਂ ਨੂੰ ਦਬਾਉਣ ਦੀ ਪ੍ਰਕਿਰਿਆ ਹੀ ਹੈ। ਚੰਗਾ ਅਧਿਆਪਨ ਮੁੱਖ ਰੂਪ ਵਿਚ ਵਿਦਿਆਰਥੀਆਂ ਦੀ ਅਗਵਾਈ ਕਰਨ ਅਤੇ ਦਿਸ਼ਾ ਪ੍ਰਦਾਨ ਕਰਨ ਵਿਚ ਸਹਾਈ ਹੁੰਦਾ ਹੈ ਅਤੇ ਸਿੱਖਣ ਵਿਚ ਉਹਨਾਂ ਨੂੰ ਉਤਸ਼ਾਹਿਤ ਕਰਨ ਵਿਚ ਸਹਾਈ ਹੁੰਦਾ ਹੈ। ਇਹ ਅਗਵਾਈ ਤਜਵੀਜ਼ ਰਾਹੀਂ ਹੁੰਦੀ ਹੈ ਨਾ ਕਿ ਹੁਕਮ ਰਾਹੀਂ। ਚੰਗਾ ਅਧਿਆਪਨ ਜਾਂਚ ਪੜਤਾਲ ਦੇ ਮੌਕੇ ਖੋਲਦਾ ਹੈ, ਇਹ ਨਵੀਆਂ ਸਾਮੱਗਰੀਆਂ ਨੂੰ ਪੈਦਾ ਕਰਦਾ ਹੈ, ਵਿਧੀਆਂ ਤਜਵੀਜ਼ ਕਰਦਾ ਹੈ ਅਤੇ ਵਿਅਕਤੀ ਦੀ ਆਪਣੀ ਪ੍ਰਗਤੀ ਨੂੰ ਜਾਂਚਣ ਵਿਚ ਮਦਦ ਕਰਦਾ ਹੈ।

**2. ਚੰਗਾ ਅਧਿਆਪਨ ਦਿਆਲੂ ਅਤੇ ਹਮਦਰਦੀਪੂਰਨ ਹੁੰਦਾ ਹੈ (Good Teaching is Kind and Sympathetic)**

ਚੰਗਾ ਅਧਿਆਪਨ ਉਸ ਹਾਲਤ ਵਿੱਚ ਨਹੀਂ ਹੋ ਸਕਦਾ ਜਿਸ ਵਿੱਚ ਦਿਆਲਤਾ ਅਤੇ ਹਮਦਰਦੀ ਦੀ ਘਾਟ ਹੋਵੇ। ਚੰਗਾ ਅਧਿਆਪਕ ਜਾਣਦਾ ਹੈ ਕਿ ਉਸ ਦੇ ਵਿਦਿਆਰਥੀ ਪਰਪੱਕ ਨਹੀਂ ਹਨ ਅਤੇ ਉਹਨਾਂ ਨੂੰ ਉਸ ਦੀ ਹਮਦਰਦੀ ਅਤੇ ਮਦਦ ਦੀ ਲੋੜ ਹੈ। ਇਸ ਲਈ ਉਹ ਸਕੂਲ ਦੇ ਵਾਤਾਵਰਨ ਨੂੰ ਵੀ ਘਰ ਜਿਹਾ ਵਾਤਾਵਰਨ ਬਣਾ ਦਿੰਦਾ ਹੈ। ਉਹ ਜਾਣਦਾ ਹੈ ਕਿ ਬੱਚਿਆਂ ਨੂੰ ਖੇਡਣਾ ਵੀ ਜ਼ਰੂਰੀ ਹੈ ਅਤੇ ਕੰਮ ਕਰਨਾ ਵੀ। ਉਸ ਨੂੰ ਪਤਾ ਹੁੰਦਾ ਹੈ ਕਿ ਉਸ ਦਾ ਵਿਅਕਤਿਤਵ ਬੱਚਿਆਂ ਨੂੰ ਪ੍ਰਭਾਵਿਤ ਕਰੇਗਾ। ਇਸ ਲਈ ਉਹ ਹਰੇਕ ਨੂੰ ਸਮਝਦਾ ਹੈ ਅਤੇ ਅਜਿਹੀ ਹਾਲਤ ਪੈਦਾ ਕਰਨ ਦਾ ਯਤਨ ਕਰਦਾ ਹੈ ਤਾਂ ਕਿ ਬੱਚੇ ਮਹਿਸੂਸ ਕਰਨ ਕਿ ਸਕੂਲ ਇਕ ਚੰਗੀ ਜਗ੍ਹਾ ਹੈ ਅਤੇ ਅਧਿਆਪਕ ਇਕ ਦਿਆਲੂ ਵਿਅਕਤੀ ਹੈ ਜੋ ਸਾਰੇ ਬੱਚਿਆਂ ਬਾਰੇ ਜਾਣਦਾ ਹੈ।

**3. ਚੰਗਾ ਅਧਿਆਪਨ ਯੋਜਨਾਬੱਧ ਹੁੰਦਾ ਹੈ (Good Teaching is well planned)**

ਚੰਗਾ ਅਧਿਆਪਕ ਆਪਣੀ ਸਮੱਸਿਆ ਬਾਰੇ ਅਗਾਊਂ ਹੀ ਸੋਚ ਚੁੱਕਾ ਹੁੰਦਾ ਹੈ। ਜੇ ਕੋਈ ਅਧਿਆਪਕ ਕਿਸੇ ਕਿਰਿਆ ਨੂੰ ਦਿਸ਼ਾ ਦੇ ਰਿਹਾ ਹੁੰਦਾ ਹੈ ਤਾਂ ਉਸ ਕਿਰਿਆ ਨਾਲ ਸੰਬੰਧਤ ਸਮਾਨਯ ਦ੍ਰਿਸ਼ਟੀ ਪਹਿਲਾਂ ਹੀ ਉਸ ਪਾਸ ਹੁੰਦੀ ਹੈ। ਘਟਨਾਵਾਂ ਦਾ ਕੰਮ ਅਤੇ ਸਿਲਸਿਲਾ ਸਪਸ਼ਟ ਰੂਪ ਵਿੱਚ ਉਸਦੇ ਮਨ ਅੰਦਰ ਹੁੰਦਾ ਹੈ। ਉਹ ਸਮੁੱਚੀ ਅਵਸਥਾ ਦੇ ਸਾਰੇ ਪਹਿਲੂਆਂ ਬਾਰੇ ਪੂਰੀ ਤਰ੍ਹਾਂ ਚੇਤੰਨ ਹੁੰਦਾ ਹੈ।ਉਸ ਦੀ ਯੋਜਨਾ ਕਾਫੀ ਹੱਦ ਤਕ ਲਚਕੀਲੀ ਹੁੰਦੀ ਹੈ ਤਾਂ ਕਿ ਲੋੜ ਪੈਣ ਤੇ ਇਸ ਨੂੰ ਬਦਲਿਆ ਵੀ ਜਾ ਸਕੇ।

**4. ਚੰਗਾ ਅਧਿਆਪਨ ਸਹਿਕਾਰੀ ਹੁੰਦਾ ਹੈ (Good Teaching is Co-operative)**

ਜੇ ਕੋਈ ਇਕ ਵਧੀਆ ਅਧਿਆਪਕ ਬਣਨਾ ਚਾਹੁੰਦਾ ਹੈ, ਉਹ ਇਹ ਜਾਣਦਾ ਹੈ ਕਿ ਅਧਿਆਪਨ, ਅਧਿਆਪਕ ਅਤੇ ਵਿਦਿਆਰਥੀ ਵਿਚਕਾਰ ਸਹਿਯੋਗ ਜ਼ਰੂਰੀ ਹੁੰਦਾ ਹੈ। ਇਸ ਲਈ ਅਧਿਆਪਕ ਵਿਦਿਆਰਥੀ ਨੂੰ ਸੰਗਠਨ ਪ੍ਰਬੰਧ ਵਿੱਚ ਸਹਿਯੋਗਤਾ, ਵਾਦ-ਵਿਵਾਦ ਵਿਚ ਭਾਗ, ਸਿੱਟਿਆਂ ਦੇ ਮੁਲਾਂਕਣ ਵਿਚ ਹਿੱਸਾ ਲੈਣ ਦੇ ਅਵਸਰ ਦੇਣ ਦੀ ਯੋਜਨਾ ਬਣਾ ਚੁੱਕਾ ਹੁੰਦਾ ਹੈ।

**5. ਚੰਗਾ ਅਧਿਆਪਨ ਸੰਕੇਤਕ ਹੁੰਦਾ ਹੈ (Good Teaching is Suggestive)**

ਚੰਗਾ ਅਧਿਆਪਕ ਤਜਵੀਜ਼ ਦੇ ਆਧਾਰ ਉੱਪਰ ਅੱਗੇ ਵੱਧਦਾ ਹੈ ਨਾ ਕਿ ਆਦੇਸ਼ ਦੇ ਆਧਾਰ ਉੱਪਰ। ਅਧਿਆਪਕ ਅਗਵਾਈ ਵਿਚ ਆਪਣੀ ਪ੍ਰਦਰਸ਼ਿਤ ਸ਼ਕਤੀ ਸਦਕਾ ਅਗਵਾਈ ਦਿੰਦਾ ਹੈ। ਪਰੰਤੂ ਇਸ ਦਾ ਅਰਥ ਇਹ ਨਹੀਂ ਹੈ ਕਿ ਵਿਦਿਆਰਥੀ ਉਸ ਦੀ ਸੱਤਾ (ਅਧਿਕਾਰ) ਦਾ ਸਨਮਾਨ ਨਹੀਂ ਕਰਦੇ। ਕਈ ਵਾਰ ਤਾਂ ਉਹ ਦਇਆ, ਮਿਹਨਤ, ਜ਼ਿੰਮੇਵਾਰੀਆਂ ਆਦਿ ਤੇ ਜ਼ੋਰ ਵੀ ਨਹੀਂ ਦਿੰਦਾ। ਇਸ ਦਾ ਭਾਵ ਹੈ ਕਿ ਸਮੁੱਚੇ ਤੌਰ ਤੇ ਇਕ ਅਧਿਆਪਕ ਉਹਨਾਂ ਹਾਲਤਾਂ ਨੂੰ ਪੈਦਾ ਕਰਨ ਰਾਹੀਂ ਗੁਣਾਂ ਦੇ ਸਹਿਯੋਗ ਨੂੰ ਗ੍ਰਹਿਣ ਕਰਦਾ ਹੈ ਜਿਹਨਾਂ ਹਾਲਤਾਂ ਵਿਚ ਇਹ ਗੁਣ ਸੁਭਾਵਿਕ ਹੀ ਵਿਕਸਤ ਹੁੰਦੇ ਹਨ।

**6. ਚੰਗਾ ਅਧਿਆਪਨ ਲੋਕਤੰਤਰਿਕ ਹੁੰਦਾ ਹੈ (Good Teaching is Democratic)**

ਚੰਗਾ ਅਧਿਆਪਕ ਲੋਕਤੰਤਰਿਕ ਵਾਤਾਵਰਨ ਪੈਦਾ ਕਰਦਾ ਹੈ ਜਿਸ ਵਿੱਚ ਵਿਅਕਤੀਆਂ ਦੇ ਅਧਿਕਾਰ ਦਾ ਸਨਮਾਨ ਕੀਤਾ ਜਾਂਦਾ ਹੈ। ਇਸ ਵਾਤਾਵਰਨ ਵਿਚ ਅਧਿਆਪਕ ਸੋਚਦਾ ਹੈ ਕਿ ਸ਼੍ਰੇਣੀ ਵਿੱਚ ਹਰੇਕ ਵਿਅਕਤੀ ਦੇ ਬਰਾਬਰ ਦੇ ਹੱਕ ਹਨ ਅਤੇ ਸਾਰਿਆਂ ਉਪਰ ਸਮਾਨ ਨਿਯਮ ਲਾਗੂ ਹੁੰਦੇ ਹਨ। ਇਥੇ ਲੋਕਤੰਤਰ ਆਪਣੇ ਮੈਂਬਰਾਂ ਤੋਂ ਸਮੂਹਿਕ ਭਲਾਈ ਪ੍ਰਤੀ ਸੇਵਾ ਲਈ ਜ਼ਿੰਮੇਵਾਰੀਆਂ ਦੀ ਮੰਗ ਕਰਦਾ ਹੈ। ਇਸ ਦਾ ਅਰਥ ਹੈ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਦੀ ਪ੍ਰਾਪਤੀ ਅਤੇ ਸੇਵਾ ਕਰਨ ਦੇ ਮੌਕੇ ਪ੍ਰਦਾਨ ਕਰਨਾ।

**7. ਚੰਗਾ ਅਧਿਆਪਨ ਉੱਤੇਜਨਸ਼ੀਲ ਹੁੰਦਾ ਹੈ (Good Teaching is Stimulating)**

ਅਧਿਆਪਕ ਆਪਣੇ ਚੰਗੇ ਅਧਿਆਪਨ, ਵਿਅਕਤਿਤਵ ਅਤੇ ਕਿਰਿਆਵਾਂ ਰਾਹੀਂ ਵਿਦਿਆਰਥੀਆਂ ਦੇ ਵਿਅਕਤਿਤਵ ਅਤੇ ਕਿਰਿਆਵਾਂ ਨੂੰ ਉੱਤੇਜਿਤ ਕਰਦਾ ਹੈ। ਸਕੂਲ ਦਾ ਵਾਤਾਵਰਨ ਚੁਣਿਆ ਹੋਇਆ ਵਾਤਾਵਰਨ ਹੁੰਦਾ ਹੈ ਅਤੇ ਕਿਰਿਆਵਾਂ ਦਿਸ਼ਾਵਾਨ ਹੁੰਦੀਆਂ ਹਨ। ਇਸ ਦਾ ਅਰਥ ਹੈ ਕਿ ਚੰਗਾ ਅਧਿਆਪਕ ਅਧਿਆਪਨ ਕਿਰਿਆ ਨੂੰ, ਨਵੀਆਂ ਕਿਰਿਆਵਾਂ

ਨੂੰ ਤਜਵੀਜ਼ਾ ਕਰਨ ਰਾਹੀਂ, ਅਲੋਚਨਾ ਰਾਹੀਂ ਅਤੇ ਸਿਧੀਆਂ ਤਜਵੀਜ਼ਾਂ ਰਾਹੀਂ ਉਤੇਜਿਤ ਕਰਦਾ ਹੈ।

**8. ਚੰਗਾ ਅਧਿਆਪਨ ਬੱਚਿਆਂ ਦੇ ਪੂਰਵ ਅਨੁਭਵਾਂ ਨੂੰ ਵੀ ਧਿਆਨ ਵਿੱਚ ਰੱਖਦਾ ਹੈ (Good Teaching takes into account the past experiences of children)**

ਇਕ ਚੰਗਾ ਅਧਿਆਪਕ ਜਾਣਦਾ ਹੈ ਕਿ ਸਿੱਖਿਆ ਸਭ ਤੋਂ ਵਧੀਆਂ ਅਰਥਾਂ ਵਿਚ ਅਨੁਭਵਾਂ ਦਾ ਮੁੜ ਸੰਗਠਨ ਕਰਨਾ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਕਿਸੇ ਨਵੀਂ ਕਿਰਿਆ ਨੂੰ ਤਜਵੀਜ਼ ਕੀਤਾ ਜਾਵੇ ਅਤੇ ਬੱਚਿਆਂ ਦੀਆਂ ਰੁਚੀਆਂ, ਉਹਨਾਂ ਦੇ ਹੁਨਰਾਂ ਅਤੇ ਆਦਤਾਂ ਨੂੰ ਧਿਆਨ ਵਿਚ ਰੱਖਿਆ ਜਾਵੇ। ਬਹੁਤ ਸਾਰੀਆਂ ਵਿਧੀਆਂ ਹਨ ਜਿਹੜੀਆਂ ਅਧਿਆਪਕ ਨੂੰ ਨਵੀਆਂ ਕਿਰਿਆਵਾਂ ਵਿਚ ਗਲਤੀਆਂ ਨੂੰ ਦੂਰ ਕਰਨ ਦੇ ਯੋਗ ਬਣਾਉਂਦੀਆਂ ਹਨ ਤਾਂ ਕਿ ਨਵੇਂ ਤੋਂ ਨਵੇਂ ਅਨੁਭਵ ਦੇ ਸਿੱਟਿਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਾਪਤ ਕੀਤਾ ਜਾਵੇਗਾ।

**9. ਚੰਗਾ ਅਧਿਆਪਨ ਪ੍ਰਗਤੀਸ਼ੀਲ ਹੁੰਦਾ ਹੈ (Good Teaching is Progressive)**

ਇਕ ਚੰਗਾ ਅਧਿਆਪਕ ਬੱਚਿਆਂ ਦੀ ਪ੍ਰਗਤੀ ਭਾਵ ਉਹਨਾਂ ਦੇ ਰਵੱਈਏ, ਰੁਚੀਆਂ, ਵਿਕਾਰਾਂ, ਸੂਚਨਾ, ਹੁਨਰ ਯੋਗਤਾਵਾਂ ਦੀ ਪ੍ਰਾਪਤੀ ਨਾਲ ਸੰਬੰਧਿਤ ਹੁੰਦਾ ਹੇ। ਚੰਗਾ ਅਧਿਆਪਕ ਬੱਚਿਆਂ ਦੇ ਵਿਕਾਰਾਂ ਅਤੇ ਕਾਰਜਾਂ ਨਾਲ ਸੰਬੰਧਿਤ ਹੁੰਦਾ ਹੈ। ਜਿਹੜੇ ਇੱਛਾ ਯੋਗ ਸਮਾਜਿਕ ਉਦੇਸ਼ਾਂ ਦੀ ਪ੍ਰਾਪਤੀ ਵਲ ਲਿਜਾਂਦੇ ਹਨ। ਪ੍ਰਗਤੀ ਦਾ ਟੀਚਾ ਲੋਕਤੰਤਰ ਵਿਚ ਰਹਿ ਰਹੇ ਸਾਰੇ ਲੋਕਾਂ ਦੇ ਜੀਵਨ ਦੇ ਰਹਿਣ-ਸਹਿਣ ਦੇ ਢੰਗਾਂ ਵਿਚ ਸੁਧਾਰ ਲਿਆਉਣਾ ਹੁੰਦਾ ਹੈ। ਵਿਦਿਆ ਦੇ ਸਮਾਜਿਕ ਉਦੇਸ਼ਾਂ ਦੀ ਪੂਰਤੀ ਲਈ ਅਧਿਆਪਕ ਨੂੰ ਵਿਧੀਆਂ ਅਤੇ ਤਕਨੀਕਾਂ ਵਿਚ ਜ਼ਰੂਰ ਹੀ ਪ੍ਰਗਤੀ ਕਰਨੀ ਚਾਹੀਦੀ ਹੈ। ਜਦੋਂ ਅਧਿਆਪਨ ਵਿੱਚ ਸੁਧਾਰ ਹੁੰਦਾ ਹੈ ਤਾਂ ਇਹ ਪ੍ਰਗਤੀਸ਼ੀਲ ਹੁੰਦਾ ਹੈ।

**10. ਚੰਗਾ ਅਧਿਆਪਨ ਮੁਸ਼ਕਿਲ ਦੀ ਪਛਾਣ ਕਰਦਾ ਹੈ (Good Teaching Diagnoses difficulties)**

ਇਹ ਸੱਚ ਹੈ ਕਿ ਸਮਾਜਿਕ ਸਿੱਖਿਆ, ਵਿਗਿਆਨ, ਸਾਹਿਤ ਅਤੇ ਦੂਜੇ ਖੇਤਰਾਂ ਦੀ ਬਜਾਏ ਪੜ੍ਹਨ, ਸ਼ਬਦ ਜੋੜਾਂ, ਲਿਖਣ, ਭਾਸ਼ਾ ਅਤੇ ਹਿਸਾਬ ਦੇ ਵਿਸ਼ਿਆਂ ਵਿਚ ਮੁਸ਼ਕਲਾਂ ਦੀ ਪਹਿਚਾਨ ਅਧਿਕ ਹੋਈ ਹੈ, ਪਰੰਤੂ ਚੰਗੇ ਅਧਿਆਪਕ ਪਹਿਲਾਂ ਨਾਲੋਂ ਵਿਅਕਤੀਗਤ ਪੜ੍ਹਾਈ ਦੀਆਂ ਲੋੜਾਂ ਪ੍ਰਤੀ ਬਹੁਤ ਜ਼ਿਆਦਾ ਸੰਵੇਦਨਸ਼ੀਲ ਹਨ। ਬੱਚਿਆਂ ਦੀਆਂ ਸਿੱਖਣ ਦੀਆਂ ਮੁਸ਼ਕਿਲਾਂ ਨੂੰ ਖੋਜਣ ਅਤੇ ਦੂਰ ਕਰਨ ਵਿਚ ਅਧਿਆਪਕਾਂ ਪਾਸੋਂ ਹੋਰ ਜ਼ਿਆਦਾ ਉਮੀਦ ਕੀਤੀ ਜਾਂਦੀ ਹੈ।

**11. ਚੰਗਾ ਅਧਿਆਪਨ ਇਲਾਜ ਯੋਗ ਹੋ (Good Teaching is remedial)**

ਚੰਗੇ ਅਧਿਆਪਕ ਨੂੰ ਜ਼ਰੂਰ ਹੀ ਵਿਅਕਤੀਗਤ ਅਤੇ ਸਮੂਹਿਕ ਮੁਸ਼ਕਲਾਂ ਲਈ ਸੁਝਾਅ ਪ੍ਰਦਾਨ ਕਰਨੇ ਚਾਹੀਦੇ ਹਨ। ਇਲਾਜ ਸੰਬੰਧੀ ਢੰਗ ਉਹਨਾਂ ਵਿਸ਼ਿਆਂ ਵਿਚ ਵਿਸ਼ੇਸ਼ ਕਰਕੇ ਮਹੱਤਵਪੂਰਨ ਹਨ ਜਿਹੜੇ ਹੁਨਰ ਸੰਬੰਧੀ ਹੁੰਦੇ ਹਨ ਅਤੇ ਜਿੱਥੇ ਕਦਮ ਕਦਮ ਤੇ ਪ੍ਰਗਤੀ ਕਰਨ ਵਿਚ ਰੁਕਾਵਟ ਪੈਦਾ ਹੁੰਦੀ ਹੈ। ਪੜ੍ਹਣ ਅਤੇ ਭਾਸ਼ਾ ਵਿਚ ਪਿਛੜੇ ਬੱਚਿਆਂ ਦੇ ਅਨੇਕਾਂ ਅਧਿਐਨਾਂ ਨੇ ਸੰਕੇਤ ਦਿੱਤਾ ਹੈ ਕਿ ਸਿੱਖਣ ਵਿਚ ਅਜਿਹੇ ਪਿਛੜੇਪਨ ਨੂੰ ਤਾਂ ਹੀ ਰੋਕਿਆ ਜਾ ਸਕਦਾ ਹੈ ਜੇ ਅਧਿਆਪਕ ਮੁਸ਼ਕਲਾਂ ਨੂੰ ਪਹਿਚਾਨਣਗੇ ਅਤੇ ਇਲਾਜਨਕ ਵਿਧੀਆਂ ਦਾ ਪ੍ਰਯੋਗ ਕਰਨਗੇ।

**12. ਚੰਗਾ ਅਧਿਆਪਨ ਸਿਖਿਆਰਥੀ ਨੂੰ ਮੁਕਤ ਕਰਦਾ ਹੈ (Good Teaching liberates the Learner)**

ਚੰਗੇ ਅਧਿਆਪਨ ਦਾ ਆਦਰਸ਼, ਵਿਚਾਰ ਵਿਚ ਸੁਤੰਤਰਤਾ, ਆਤਮ-ਨਿਰਭਰਤਾ ਅਤੇ ਵਿਦਿਆਰਥੀਆਂ ਵਿਚ ਵਿਸ਼ਵਾਸ ਦੀ ਭਾਵਨਾ ਦਾ ਵਿਕਾਸ ਕਰਨਾ ਹੈ, ਤਾਂ ਕਿ ਹੌਲੀ ਹੌਲੀ ਉਹ ਸੁਤੰਤਰ ਤੌਰ ਤੇ ਆਪਣੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੇ ਕਾਬਲ ਹੋ ਜਾਣ। ਚੰਗੇ ਅਧਿਆਪਨ ਦੀ ਪੁਸ਼ਟੀ ਵਿਦਿਆਰਥੀਆਂ ਵਿਚਕਾਰ ਪੜ੍ਹਨ ਦੀਆਂ ਸੁਤੰਤਰ ਆਦਤਾਂ ਅਤੇ ਕੰਮ ਕਰਨ ਵਿਚ ਪ੍ਰਾਪਤੀ ਹੈ। ਅਜਿਹੀ ਕਿਸਮ ਦਾ ਅਧਿਆਪਨ ਜਿਹੜਾ ਬੱਚੇ ਨੂੰ ਹਰ ਕਦਮ ਤੇ ਟੋਕਦਾ ਹੈ, ਇੱਛਾ ਯੋਗ ਨਹੀਂ ਹੈ। ਜਿਵੇਂ ਕਿ ਚੰਗਾ ਅਧਿਆਪਨ ਵਿਦਿਆਰਥੀ ਦੇ ਮਨ ਨੂੰ ਉਸ ਦੇ ਵਿਚਾਰ ਦੀਆਂ ਚੰਗੀਆਂ ਆਦਤਾਂ ਦੇ ਵਿਕਾਸ ਅਤੇ ਕਾਰਜ ਦੇ ਵਿਕਾਸ ਰਾਹੀਂ ਮੁਕਤ ਕਰਦਾ ਹੈ।

ਉਸ ਦੇ ਹੁਨਰਾਂ ਅਤੇ ਯੋਗਤਾਵਾਂ ਨੂੰ ਪੂਰਨ ਬਣਾਉਂਦਾ ਹੈ। ਚੰਗੇ ਅਧਿਆਪਕ ਦਾ ਆਦਰਸ਼ ਬੱਚੇ ਨੂੰ ਅਧਿਆਪਨ ਤੋਂ ਸੁਤੰਤਰ ਕਰਨਾ ਹੈ।

**ਅਧਿਆਪਨ ਸਿਧਾਂਤ ਜੋ ਹਿਲਗਰਡ ਦੇ ਸਿੱਖਣ ਸਿਧਾਂਤਾਂ ਉਪਰ ਆਧਾਰਿਤ ਹਨ (Teaching Principles based on Hilgards Learning Principles)**

| **ਸਿੱਖਿਆਰਥੀ ਦੀਆਂ ਵਿਸ਼ੇਸ਼ਤਾਵਾਂ** | **ਅਧਿਆਪਨ ਦੇ ਸਿਧਾਂਤ** |
|---|---|
| (ੳ) ਬੁੱਧੀ | 1. ਹੁਸ਼ਿਆਰ ਵਿਦਿਆਰਥੀ ਵਸਤੂਆਂ ਨੂੰ ਚੰਗੀ ਤਰ੍ਹਾਂ ਸਿਖ ਸਕਦੇ ਹਨ ਜਦੋਂ ਕਿ ਕਮਜ਼ੋਰ ਵਿਦਿਆਰਥੀ ਅਜਿਹਾ ਨਹੀਂ ਕਰ ਸਕਦੇ। |
| (ਅ) ਪ੍ਰੇਰਣਾ | 2. ਇਕ ਪ੍ਰੇਰਿਤ ਵਿਦਿਆਰਥੀ ਉਸ ਵਿਦਿਆਰਥੀ ਨਾਲੋਂ ਜਲਦੀ ਸਿਖਦਾ ਹੈ ਜਿਹੜਾ ਪ੍ਰੇਰਿਤ ਨਹੀਂ ਹੁੰਦਾ। |
| | 3. ਸਿੱਖਣ ਦੇ ਅੰਤਰ ਲਈ ਵਧ ਪ੍ਰੇਰਨਾ ਸਾਧਾਰਨ ਪ੍ਰੇਰਨਾ ਨਾਲੋਂ ਘੱਟ ਪ੍ਰਭਾਵਸ਼ਾਲੀ ਹੁੰਦੀ ਹੈ। |
| | 4. ਕਾਮਯਾਬ ਪ੍ਰੇਰਕ ਦੇ ਇਨਾਮ ਰਾਹੀਂ ਸਿੱਖਣਾ ਸਜ਼ਾ ਰਾਹੀਂ ਸਿੱਖਣ ਨਾਲੋਂ ਵਧੇਰੇ ਪ੍ਰਭਾਵਸ਼ਾਲੀ ਹੁੰਦਾ ਹੈ। |
| | 5. ਅੰਤਰੀਵ ਪ੍ਰੇਰਨਾ ਅਧੀਨ ਸਿੱਖਣਾ ਬਾਹਰੀ ਪ੍ਰੇਰਨਾ ਅਧੀਨ ਸਿੱਖਣ ਨਾਲੋਂ ਵਧੇਰੇ ਇੱਛਾਯੋਗ ਹੁੰਦਾ ਹੈ। |
| (ੲ) ਇੱਛਾ ਦਾ ਪੱਧਰ | 6. ਸਿਖਿਆਰਥੀਆਂ ਤੋਂ ਮੰਗ ਕੀਤੀ ਜਾਂਦੀ ਹੈ ਕਿ ਉਹ ਆਪਣੇ ਆਪ ਲਈ ਯਥਾਰਥਕ ਉਦੇਸ਼ਾਂ ਨੂੰ ਸਥਾਪਿਤ ਕਰਨ ਦਾ ਅਭਿਆਸ ਕਰਨ। ਉਹਨਾਂ ਦੇ ਉਦੇਸ਼ ਨਾ ਤਾਂ ਬਹੁਤ ਉੱਚੇ ਅਤੇ ਨਾ ਹੀ ਬਹੁਤ ਨੀਵੇਂ ਹੋਣੇ ਚਾਹੀਦੇ ਹਨ। |
| | 7. ਨਾ–ਕਾਮਯਾਬੀ ਅਤੇ ਸਹਿਨਸ਼ੀਲਤਾ ਨੂੰ ਸਫਲਤਾ ਦੇ ਪਿਛੋਕੜ ਰਾਹੀਂ ਸਭ ਤੋਂ ਵਧੀਆ ਢੰਗ ਨਾਲ ਸਿਖਾਇਆ ਜਾਂਦਾ ਹੈ। |
| (ਸ) ਸਿਖਿਆਰਥੀ ਦਾ ਰਵੱਈਆ | 8. ਇਕ ਅਧਿਆਪਕ ਦਾ ਨਿੱਜੀ ਇਤਿਹਾਸ ਸਿਖਿਆਰਥੀ ਦੀ ਸਿੱਖਣ ਯੋਗਤਾ ਵਿਚ ਰੁਕਾਵਟ ਜਾਂ ਵਾਧਾ ਕਰ ਸਕਦਾ ਹੈ। |
| | 9. ਸਿਖਿਆਰਥੀ ਦਾ ਕਿਰਿਆਤਮਕ ਭਾਗ ਲੈਣਾ ਨਿਸ਼ਕਿਰਿਆਸ਼ੀਲ ਹੋ ਕੇ ਗਿਆਨ ਪ੍ਰਾਪਤ ਕਰਨ ਨਾਲੋਂ ਵਧੇਰੇ ਪ੍ਰਭਾਵਸ਼ਾਲੀ ਹੁੰਦਾ ਹੈ। |
| (ਹ) ਸਿੱਖਣ ਹਾਲਤ | 10. ਅਰਥ ਭਰਪੂਰ ਸਮੱਗਰੀਆਂ ਅਤੇ ਅਰਥ ਭਰਪੂਰ ਕੰਮਾਂ ਨੂੰ ਫਜ਼ੂਲ ਦੀਆਂ ਸਮੱਗਰੀਆਂ ਨਾਲੋਂ ਜ਼ਿਆਦਾ ਜਲਦੀ ਸਿੱਖਿਆ ਜਾਂਦਾ ਹੈ। |
| | 11. ਸਦੀਵੀ ਸਿੱਖਣ ਲਈ ਅਭਿਆਸ ਤੇ ਦੁਹਰਾਈ ਵੱਧ ਲਾਹੇਵੰਦ ਹਨ। |

12. ਉਚਿਤ ਜੁਆਬ ਅਤੇ ਸਿੱਟਿਆਂ ਦਾ ਗਿਆਨ, ਸਿੱਖਣ ਵਿਚ ਮਦਦ ਕਰਦਾ ਹੈ।
13. ਜੇ ਸਿਖਿਆਰਥੀ ਖੁਦ ਨਵੇਂ ਤੇ ਪੁਰਾਣੇ ਕੰਮਾਂ ਵਿਚਕਾਰ ਸਬੰਧ ਨੂੰ ਖੋਜਦਾ ਹੈ ਤਾਂ ਸਿੱਖਣ ਦੀ ਤਬਦੀਲੀ ਵਧੇਰੇ ਬੇਹਤਰ ਹੋਵੇਗੀ।
14. ਯਾਦਸ਼ਕਤੀ ਨੂੰ ਸਿਖੀ ਹੋਈ ਸਮੱਗਰੀ ਦੇ ਵੱਖ ਵੱਖ ਹਿੱਸਿਆਂ ਨੂੰ ਯਾਦ ਕਰਨ ਰਾਹੀਂ ਉਤਸ਼ਾਹਿਤ ਕੀਤਾ ਜਾ ਸਕਦਾ ਹੈ।

## ਅਧਿਆਪਨ ਸਿਧਾਂਤ ਜੋ ਟੀ.ਆਰ.ਮੈਕਕੋਨੈਲ ਦੇ ਸਿੱਖਣ ਸਿਧਾਂਤਾਂ ਉਪਰ ਆਧਾਰਤ ਹਨ (**Teaching Principles based on learning principles of T.R. McConnell**)

ਬਰਟਨ (1958) ਨੇ ਆਪਣੇ ਪੇਪਰ, 'ਬੇਸਿਕ ਪ੍ਰਿੰਸੀਪਲਜ਼ ਇਨ ਏ ਗੁੱਡ ਟੀਚਿੰਗ–ਲਰਨਿੰਗ ਸਿਚੁਏਸ਼ਨ', ਵਿਚ ਆਪਣੀ ਖੁਦ ਦੀ ਸਥਿਤੀ ਦਾ ਵਿਕਾਸ ਕਰਨ ਲਈ ਮੈਕਕੋਨੈਂਲ ਦੇ ਸਿੱਖਣ ਸਿਧਾਂਤਾਂ ਦਾ ਇਸਤੇਮਾਲ ਕੀਤਾ ਹੈ। ਉਸ ਨੇ ਮੈਕੱਕੋਨੇਲ ਦੇ ਸਿੱਖਣ ਸਿਧਾਂਤਾਂ ਉਪਰ ਅਧਾਰਤ ਸਿਖਿਆਰਥੀ ਦੀਆਂ ਯੋਗਤਾਵਾਂ ਦੀ ਸੂਚੀ ਤਿਆਰ ਕੀਤੀ ਹੈ। ਸਿਖਿਆਰਥੀ ਦੀਆਂ ਵਿਸ਼ੇਸ਼ਤਾਵਾਂ ਅਤੇ ਅਧਿਆਪਨ ਸਿਧਾਂਤਾਂ ਨੂੰ ਸੰਖੇਪ ਕਰਕੇ ਅੱਗੇ ਦਿੱਤਾ ਗਿਆ ਹੈ।

| ਸਿਖਿਆਰਥੀ ਦੀਆਂ ਵਿਸ਼ੇਸ਼ਤਾਵਾਂ | ਅਧਿਆਪਨ ਸਿਧਾਂਤ |
|---|---|
| 1. ਸਿਖਿਆਰਥੀ ਇਕ ਜਿੰਦਾ ਜੀਵ, ਇਕ ਇਕਾਤਮਕ ਏਕੀਕ੍ਰਿਤ ਸਮੁੱਚਤਾ ਹੈ। | 1. ਸਿੱਖਣ ਅਨੁਭਵਾਂ ਨੂੰ ਮਹਿਸੂਸ ਕਰਨ, ਕੰਮ ਕਰਨ ਅਤੇ ਚਿੰਤਨ ਦੇ ਸੁਭਾਵਕ ਏਕੀਕਰਨ ਰਾਹੀ ਪ੍ਰਦਾਨ ਕਰਨਾ ਚਾਹੀਦਾ ਹੈ। |
| 2. ਸਿਖਿਆਰਥੀ ਹਮੇਸ਼ਾਂ ਹੀ ਆਪਣੀਆਂ ਲੋੜਾਂ ਨੂੰ ਸੰਤੁਸ਼ਟ ਕਰਨ ਲਈ ਸੰਤੁਲਨ ਕਾਇਮ ਰਖਣਾ ਚਾਹੁੰਦਾ ਹੈ। | 2. ਸਿਖਿਆਰਥੀ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਸਿੱਖਣ ਅਨੁਭਵ ਪ੍ਰਦਾਨ ਕੀਤੇ ਜਾਣੇ ਚਾਹੀਦੇ ਹਨ। |
| 3. ਸਿਖਿਆਰਥੀ ਆਪਣੀਆਂ ਲੋੜਾਂ ਦੀ ਸੰਤੁਸ਼ਟੀ ਲਈ ਉਦੇਸ਼ ਦੀ ਭਾਲ ਕਰਨ ਵਾਲਾ ਜੀਵ ਹੈ। | 3. ਸਿੱਖਣ ਮੰਤਵ ਭਰਪੂਰ ਹੋਣਾ ਚਾਹੀਦਾ ਹੈ।ਉਦੇਸ਼ ਦੀ ਪ੍ਰਾਪਤੀ ਲਈ ਸਿਖਿਆਰਥੀ ਨੂੰ ਉਚਿੱਤ ਅਗਵਾਈ ਦਿੱਤੀ ਜਾ ਸਕਦੀ ਹੈ। |
| 4. ਸਿਖਿਆਰਥੀ ਕਿਰਿਆਤਮਕ ਵਿਵਹਾਰ ਕਰਨ ਵਾਲਾ ਵਿਅਕਤੀ ਹੁੰਦਾ ਹੈ। | 4. ਰਚਨਾਤਮਕ ਯੋਗਦਾਨਾਂ ਦੇ ਵਿਕਾਸ ਲਈ ਸਿੱਖਣ ਹਾਲਤਾਂ ਨੂੰ ਸੁਤੰਤਰਤਾ ਪ੍ਰਦਾਨ ਕਰਨੀ ਚਾਹੀਦੀ ਹੈ। |
| 5. ਵਿਅਕਤੀਆਂ ਦੀ ਸਿੱਖਣ ਦੀ ਗਤੀ ਵਿਚ ਵਰਨਣਯੋਗ ਅੰਤਰ ਹੁੰਦੇ ਹਨ। | 5. ਹਰੇਕ ਸਿਖਿਆਰਥੀ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਭਿੰਨ–ਭਿੰਨ ਕਿਸਮ ਦੇ ਸਿੱਖਣ ਅਨੁਭਵ ਦਿੱਤੇ ਜਾਣੇ ਚਾਹੀਦੇ ਹਨ। |
| 6. ਸਿਖਿਆਰਥੀ ਇਕ ਸਮਾਜਿਕ ਜੀਵ ਹੈ ਜੋ ਆਪਣੇ ਨਾਲ ਇਕ ਵਿਅਕਤਿਤਵ ਅਤੇ ਮੁਲਾਂ ਦਾ ਸੈਟ ਲਿਆਉਂਦਾ ਹੈ। ਉਸ ਨੂੰ ਸਮਾਜੀ ਵਾਤਾਵਰਨ ਦੀ ਲੋੜ ਹੁੰਦੀ ਹੈ। | 6. ਸਿੱਖਣ ਅਨੁਭਵਾਂ ਨੂੰ ਸਥਾਪਤ ਕਰਦੇ ਹੋਏ ਸਿਖਿਆਰਥੀ ਦੇ ਪਰਿਵਾਰ ਦੀ ਪਿੱਠ ਭੂਮੀ ਅਤੇ ਵਿਅਕਤਿਤਵ ਨੂੰ ਧਿਆਨ ਵਿਚ ਰਖਣਾ ਚਾਹੀਦਾ ਹੈ। |

| | |
|---|---|
| 7. ਸਿਖਿਆਰਥੀ ਅਪ੍ਰੌਢ ਹੁੰਦਾ ਹੈ। ਇਸ ਲਈ ਲਈ ਉਸ ਨੂੰ ਅਗਵਾਈ ਦੀ ਲੋੜ ਹੁੰਦੀ ਹੈ। | 7. ਸਿਖਿਆਰਥੀ ਨੂੰ ਹਮਦਰਦੀ ਭਰੀ ਅਗਵਾਈ ਦੀ ਲੋੜ ਹੁੰਦੀ ਹੈ ਜਦੋਂ ਜਦੋਂ ਉਸ ਦੇ ਵਿਅਕਤਿਤਵ ਦਾ ਵਿਕਾਸ ਹੁੰਦਾ ਹੈ। |
| 8. ਸਿਖਿਆਰਥੀ ਇਕ ਸਮਾਜਿਕ ਜੀਵ ਹੈ ਅਤੇ ਦੂਜੇ ਵਿਅਕਤੀਆਂ ਨੂੰ ਕਿਰਿਆਵਾਂ ਵਿਚ ਸ਼ਾਮਿਲ ਕਰਨਾ ਚਾਹੁੰਦਾ ਹੈ। | 8. ਸਮਾਜਕ੍ਰਿਤ ਵਿਅਕਤਿਤਵ ਦੇ ਵਿਕਾਸ ਲਈ ਸ਼੍ਰੇਣੀ ਦੇ ਆਪਸੀ ਤਾਲ-ਮੇਲ ਦਾ ਸਮੁੱਚਾ ਖੇਤਰ ਸਹਿਯੋਗੀ ਪ੍ਰਕ੍ਰਿਆ ਹੋਣੀ ਚਾਹੀਦੀ ਹੈ। |

ਬਰਟਨ ਨੇ ਸਿੱਟਾ ਕੱਢਿਆ ਹੈ ਕਿ ਅਧਿਆਪਨ ਦੇ ਸਿਧਾਂਤਾਂ ਦੇ ਵਿਕਾਸ ਲਈ ਜਾਂ ਸਿੱਖਣ ਹਾਲਤਾਂ ਦੇ ਨਿਰਮਾਣ ਲਈ ਇਕ ਸਿਖਿਆਰਥੀ ਦੀਆਂ ਅੱਠ ਵਿਸ਼ੇਸ਼ਤਾਵਾਂ ਬੁਨਿਆਦੀ ਹਨ।

(**By Courtesy R.A. Sharma : Technology of Teaching**)

**2.2.6 ਸਾਰਾਂਸ਼ :**

ਇਸ ਪਾਠ ਵਿਚ ਅਸੀਂ ਜਾਣਿਆ ਕਿ ਅਧਿਆਪਨ ਉਹ ਪ੍ਰਕ੍ਰਿਆ ਹੈ, ਜਿਹੜੀ ਸਿੱਖਿਆਰਥੀ ਵਿਚ ਸਿੱਖਣ ਉੱਤੇਜਿਤ ਕਰਦੀ ਹੈ ਅਤੇ ਸਿੱਖਣਾ ਉਹ ਪ੍ਰਕ੍ਰਿਆ ਹੈ ਜਿਹੜੀ ਬੱਚੇ ਦੇ ਵਾਧੇ, ਵਿਕਾਸ ਅਤੇ ਵਿਵਹਾਰ ਨਿਰਮਾਣ ਲਈ ਜ਼ਿੰਮੇਵਾਰ ਹੁੰਦੀ ਹੈ। ਇਹ ਇਕ ਜੀਵਨ ਭਰ ਚਲਣ ਵਾਲੀ ਪ੍ਰਕ੍ਰਿਆ ਹੈ। ਅਧਿਆਪਨ ਅਤੇ ਸਿੱਖਣ ਦੀ ਪ੍ਰਕ੍ਰਿਆ ਵਿਚ ਅਧਿਆਪਨ ਦੇ ਸਿਧਾਂਤ ਬਹੁਤ ਹੀ ਅਹਿਮ ਭੂਮਿਕਾ ਨਿਭਾਉਂਦੇ ਹਨ। ਅਧਿਆਪਨ ਦੇ ਸਿਧਾਂਤ ਅਧਿਆਪਨ ਸਿੱਖਣ ਪ੍ਰਕ੍ਰਿਆ ਚੁਨੌਤੀਪੂਰਨ, ਪ੍ਰੇਰਣਾਪੂਰਣ ਅਤੇ ਪ੍ਰਭਾਵਸ਼ਾਲੀ ਬਣਾ ਦਿੰਦੇ ਹਨ। ਅਧਿਆਪਕ ਵਿਦਿਆਰਥੀਆਂ ਦੇ ਪੱਧਰ ਤੇ ਉੱਤਰਨਾ ਪੈਂਦਾ ਹੈ ਤਾਂਕਿ ਉਹ ਬੱਚਿਆਂ ਦੇ ਸਿੱਖਣ ਦੇ ਪੱਧਰ ਉੱਚਾ ਉਠਾ ਸਕੇ। ਇਕ ਮਾਹਿਰ ਅਧਿਆਪਕ ਪੜ੍ਹਾਉਣ ਵੇਲੇ ਕੀਤੇ ਜਾਣ ਵਾਲੇ ਨਿੱਕੇ-ਨਿੱਕੇ ਅਸੂਲਾਂ ਜਾਂ ਸੂਤਰਾ ਦੀ ਮਹੱਤਤਾ ਜਾਣਦਾ ਹੈ ਜਿਨ੍ਹਾਂ ਦੀ ਵਰਤੋਂ ਕਰਨ ਨਾਲ ਅਧਿਆਪਕ ਅਧਿਆਪਨ ਦੇ ਉਦੇਸ਼ਾਂ ਦੀ ਪੂਰਤੀ ਕਰਦਾ ਹੈ। ਇਸ ਲਈ ਅਸੀਂ ਕਹਿ ਸਕੇਦ ਹਾਂ ਕਿ ਪੜ੍ਹਨਾ ਅਤੇ ਪੜ੍ਹਾਉਣਾ ਦੋ ਵੱਖਰੀਆਂ ਕ੍ਰਿਆਵਾਂ ਹਨ ਪਰ ਇੱਕ ਦੂਸਰੇ ਨਾਲ ਜੁੜੀਆਂ ਹੋਈਆਂ ਹਨ। ਅਧਿਆਪਨ ਇਕ ਅੰਤਰ-ਕ੍ਰਿਆਵੀ ਪ੍ਰਕਿਰਿਆ ਹੈ। ਜਿਸ ਵਿਚ ਅਧਿਆਪਕ, ਵਿਦਿਆਰਥੀ ਅਤੇ ਵਿਸ਼ਾ ਜਮਾਤ ਦੇ ਵਾਤਾਵਰਣ ਵਿਚ ਇਕ ਦੂਸਰੇ ਤੇ ਪ੍ਰਭਾਵ ਪਾਉਂਦੇ ਹਨ।

**2.2.7 ਮੁੱਖ ਸੰਕਲਪ :**

(1) ਸਿੱਖਣਾ - ਅਨੁਭਵ ਦੁਆਰਾ ਵਿਵਹਾਰ ਵਿਚ ਤਬਦੀਲੀ

(2) ਅਧਿਆਪਨ - ਸਿੱਖਣ ਪ੍ਰੋਤਸਾਹਿਤ ਕਰਨਾ, ਇਜ਼ਹਾਰ ਕਰਨਾ, ਸਮਾਨਤਾ ਅਤੇ ਤਾਲਮੇਲ ਰੱਖਣਾ ਹੀ ਅਧਿਆਪਨ ਹੈ।

(3) ਅਸੂਲ਼ਸੂਤਰ - ਅਧਿਆਪਨ ਦੇ ਅਸੂਲ ਜਾਂ ਕੰਮ ਕਰਨ ਦੇ ਤਰੀਕੇ ਜਿਹੜੇ ਵਿਦਿਆਰਥੀ ਦੇ ਸਿੱਖਣ ਸਹਜ ਅਤੇ ਸਰਲ ਬਣਾ ਦਿੰਦੇ ਹਨ।

**2.2.8 ਸੁਝਾਏ ਪ੍ਰਸ਼ਨ :**

(1) ਅਧਿਆਪਨ ਦੀ ਪਰਿਭਾਸ਼ਾ ਦਿਓ ਅਤੇ ਅਧਿਆਪਨ ਦੇ ਸਿਧਾਂਤਾਂ ਬਾਰੇ ਵਿਸਥਾਰ ਵਿਚ ਚਰਚਾ ਕਰੋ।

(2) ਅਧਿਆਪਨ ਦੇ ਸੂਤਰਾਂ ਤੋਂ ਤੁਸੀਂ ਕੀ ਸਮਝਦੇ ਹੋ ? ਅਧਿਆਪਨ-ਸਿੱਖਣ ਪ੍ਰਕ੍ਰਿਆ ਵਿਚ ਇਨ੍ਹਾਂ ਦੀ ਭੂਮਿਕਾ ਦੀ ਵਿਆਖਿਆ ਕਰੋ।

**2.2.9 ਸੁਝਾਈ ਪੁਸਤਕ ਸੂਚੀ :**


1. Elemntary Educational Technology - J.C. Aggarwal and S. Gupta
2. Technology of Teaching - R.A. Sharma
3. Teaching Learning Process - Agyajit Singh & Richa Sharma.
4. Educational Technolgy - T.R. Sharma
5. Educational Psychology - S.K. Mangal.


**2.2.10 ਸਵੈ-ਸਿੱਖਣ ਅਭਿਆਸ :**

ਸਹੀ ਅਤੇ ਗਲਤ ਦੀ ਪਛਾਣ ਕਰੋ।

1. ਸਿੱਖਣਾ ਅਨੁਭਵ ਰਾਹੀਂ ਵਿਵਹਾਰ ਵਿਚ ਤਬਦੀਲੀ ਹੈ।
2. ਬੋਧਾਤਮਕ ਸਿੱਖਣ ਬੱਚੇ ਦੀ ਭਾਵਨਾਵਾਂ ਨਾਲ ਸਬੰਧਿਤ ਹੈ।
3. ਸਿੱਖਣਾ ਅਕ੍ਰਿਆਸ਼ੀਲ ਅਤੇ ਅੰਤਰਣ-ਯੋਗ ਨਹੀਂ ਹੈ।
4. ਪੜ੍ਹਾਉਂਦੇ ਹੋਏ ਅਧਿਆਪਕ ਸਰਲ ਤੋਂ ਜਟਿਲ ਵੱਲ ਵੱਧਣਾ ਚਾਹੀਦਾ ਹੈ।
5. ਅਧਿਆਪਨ ਹਮੇਸ਼ਾਂ ਹੀ ਅਧਿਆਪਕ-ਕੇਂਦਰਿਤ ਹੋਣਾ ਚਾਹੀਦਾ ਹੈ।
6. ਪ੍ਰਭਾਵਸ਼ਾਲੀ ਅਧਿਆਪਕ ਜਮਾਤ ਵਿਚ ਪੜ੍ਹਾਉਂਦੇ ਹੋਏ ਅਗਿਆਤ ਤੋਂ ਗਿਆਤ ਵੱਲ ਵੱਧਦਾ ਹੈ।
7. ਅਧਿਆਪਨ ਯੋਜਨਾਬੱਧ ਅਤੇ ਲਚੀਲਾ ਹੋਣਾ ਚਾਹੀਦਾ ਹੈ।

ਉੱਤਰ : (1) ਸਹੀ, (2) ਗਲਤ, (3) ਗਲਤ, (4) ਸਹੀ, (5) ਗਲਤ, (6) ਗਲਤ, (7) ਸਹੀ।

ਪਾਠ ਨੰਬਰ : 2.3 ਲੇਖਕ ਅਤੇ ਅਨੁਵਾਦਕ : ਡਾ. ਆਗਿਆਜੀਤ ਸਿੰਘ

## ਪ੍ਰੇਰਣਾ : ਧਾਰਨਾ,ਕਿਸਮਾਂ, ਪ੍ਰਾਪਤੀਆਂ ਦੀ ਲੋੜ ਕਲਾਸ ਵਿੱਚ ਪ੍ਰੇਰਣਾਦਾਇਕ ਨੀਤੀਆਂ

ਬਣਤਰ :

2.3.1 ਭੂਮਿਕਾ
2.3.2 ਉਦੇਸ਼
2.3.3 ਪ੍ਰੇਰਣਾ ਦੀ ਧਾਰਨਾ
2.3.3.1 ਪ੍ਰਯੋਜਨ
2.3.3.2 ਪ੍ਰੇਰਿਤ ਵਿਵਹਾਰ ਦੀਆਂ ਵਿਸ਼ੇਸ਼ਤਾਵਾਂ
2.3.4 ਪ੍ਰੇਰਕ ਦੀਆਂ ਕਿਸਮਾਂ
2.3.4.1 ਸ਼ਰੀਰਕ ਪ੍ਰਯੋਜਨ
2.3.4.2 ਸਮਾਜਿਕ ਪ੍ਰਯੋਜਨ
2.3.5 ਪ੍ਰਾਪਤੀ ਦੀ ਲੋੜ
2.3.5.1 ਸੰਬੰਧਤਾ ਦੀ ਲੋੜ
2.3.5.2 ਉਪਲੱਬਧੀ
2.3.5.3 ਅੰਤਰੀਵ ਅਤੇ ਬਾਹਰੀ ਪ੍ਰੇਰਣਾ
2.3.6 ਜਮਾਤ ਵਿੱਚ ਪ੍ਰੇਰਣਾਦਾਇਕ ਨੀਤੀਆਂ
2.3.7 ਸਾਰ
2.3.8 ਸ਼ਬਦਾਵਲੀ
2.3.9 ਸੁਝਾਏ ਪ੍ਰਸ਼ਨ
2.3.10 ਸੁਝਾਈ ਪੁਸਤਕ ਸੂਚੀ ਅਤੇ ਵੈਬ ਸੋਮੇ
2.3.11 ਸਵੈ ਮੁਲਾਂਕਣ ਅਭਿਆਸ

### 2.3.1 ਭੂਮਿਕਾ :

ਮਨੁੱਖੀ ਵਿਵਹਾਰ ਨੂੰ ਸਮਝਣ ਲਈ ਮਨੋਵਿਗਿਆਨ ਵਿੱਚ ਪ੍ਰੇਰਣਾ ਦਾ ਅਧਿਐਨ ਬਹੁਤ ਮਹੱਤਵਪੂਰਨ ਹੈ, ਕਿਉਂਕਿ ਸਾਡਾ ਵਿਵਹਾਰ ਪ੍ਰੇਰਿਤ ਹੁੰਦਾ ਹੈ। ਮਨੁੱਖੀ ਵਿਵਹਾਰ ਕੁੱਝ ਉਦੇਸ਼ਾਂ ਪ੍ਰਤੀ ਸਥਾਈ ਤੌਰ ਤੇ ਨਿਰਦੇਸ਼ਿਤ ਹੁੰਦਾ ਹੈ ਅਤੇ ਇਸ ਤਰ੍ਹਾਂ ਵਿਅਕਤੀ ਦਾ ਵਿਵਹਾਰ ਉਹਨਾਂ ਪ੍ਰਤੀ ਨਿਰਦੇਸ਼ਿਤ ਹੁੰਦਾ ਹੈ ਜੋ ਉਸ ਦੀਆਂ ਮੁੱਢਲੀਆਂ ਸਰੀਰਕ ਲੋੜਾਂ ਦੀ ਪੂਰਤੀ ਨਾਲ ਸੰਬੰਧਿਤ ਹੁੰਦੇ ਹਨ। ਪ੍ਰੇਰਣਾ ਦਾ ਅਧਿਐਨ ਕਰਦੇ ਹੋਏ ਮਨੋਵਿਗਿਆਨੀਆਂ ਨੇ ਅੰਦਰੂਨੀ ਪ੍ਰਯੋਜਨਾਂ ਅਤੇ ਲੋੜਾਂ ਦਾ ਨਿਰੀਖਣ ਕੀਤਾ, ਜੋ ਵਿਅਕਤੀ ਨੂੰ ਇਕ ਉਦੇਸ਼ ਪ੍ਰਤੀ ਨਿਰਦੇਸ਼ਿਤ ਕਰਦੀਆਂ ਹਨ। ਇਹਨਾਂ ਵਿਚੋਂ ਕੁੱਝ ਸਰੀਰਕ ਅਸੰਤੁਲਤਾ ਕਾਰਣ ਪੈਦਾ ਹੁੰਦੀਆਂ ਹਨ ਜਿਨ੍ਹਾਂ ਨੂੰ ਠੀਕ ਕਰਨ ਲਈ ਪ੍ਰਾਣੀ ਕ੍ਰਿਆ ਕਰਦਾ ਹੈ। ਪ੍ਰੇਰਣਾ ਦੀਆਂ ਦੂਸਰੀਆਂ ਕਿਸਮਾਂ ਸਿੱਖਿਅਤ ਹੁੰਦੀਆਂ ਹਨ ਅਤੇ ਉਹਨਾਂ ਵਿੱਚ ਮਹਾਰਤ, ਪ੍ਰਾਪਤੀ ਅਤੇ ਸੰਬੰਧੀਕਰਣ ਦੀ ਇੱਛਾ ਸ਼ਾਮਲ ਹੁੰਦੀ ਹੈ। ਬਾਅਦ ਵਿੱਚ ਵਿਅਕਤੀ ਕੁੱਝ ਹੋਰ ਚੀਜ਼ਾਂ ਜਿਵੇਂ ਧਨ, ਪ੍ਰਤਿਸ਼ਠਾ, ਸ਼ਕਤੀ ਅਤੇ ਸਮਾਜਿਕ ਤੌਰ ਤੇ ਸਵੀਕਾਰ ਕਰਨ ਯੋਗ ਦੀ ਇੱਛਾ ਆਦਿ ਦੁਆਰਾ ਪ੍ਰੇਰਿਤ ਹੁੰਦਾ ਹੈ।

### 2.3.2 ਉਦੇਸ਼ :

ਇਸ ਪਾਠ ਨੂੰ ਪੜ੍ਹਨ ਉਪਰੰਤ ਵਿਦਿਆਰਥੀ ਹੇਠ ਲਿਖੇ ਤੱਤਾਂ ਤੋਂ ਜਾਣੂ ਹੋਵੇਗਾ।

1. ਪ੍ਰੇਰਣਾ ਦੀ ਧਾਰਨਾ ਨੂੰ ਸਮਝ ਸਕੇਗਾ।
2. ਪ੍ਰੇਰਕ ਦੀਆਂ ਕਿਸਮਾਂ ਵਿਚਕਾਰ ਭਿੰਨਤਾ ਸਪੱਸ਼ਟ ਕਰ ਸਕੇਗਾ।

3. ਪ੍ਰੇਰਿਤ ਵਿਵਹਾਰ ਦੀਆਂ ਵਿਸ਼ੇਸ਼ਤਾਵਾਂ ਬਾਰੇ ਚਰਚਾ ਕਰ ਸਕੇਗਾ।

4. ਅਧਿਆਪਨ-ਸਿੱਖਣ ਪ੍ਰਕ੍ਰਿਆ ਦੌਰਾਨ ਪ੍ਰੇਰਨਾਦਾਇਕ ਨੀਤੀਆਂ ਵਰਤਣ ਦੇ ਯੋਗ ਹੋਵੇਗਾ।

**2.3.3 ਪ੍ਰੇਰਣਾ ਦੀ ਧਾਰਨਾ** (Concept of Motivation) :

ਪ੍ਰੇਰਣਾ (Motivation) ਦੀ ਉਤਪਤੀ ਲਾਤੀਨੀ ਸ਼ਬਦ 'Movere' ਤੋਂ ਹੋਈ ਜਿਸ ਦਾ ਅਰਥ ਹੈ 'to move' ਦਾ ਭਾਵ ਚਲਣਾ ਜਾਂ ਹਿਲਣਾ। ਹਰ ਉਹ ਚੀਜ਼ ਜੋ ਵਿਅਕਤੀ ਨੂੰ ਕ੍ਰਿਆ ਕਰਨ ਲਈ ਕਹਿੰਦੀ ਹੈ, ਨੂੰ ਪ੍ਰਯੋਜਨ, ਅੰਤਰ ਪ੍ਰੇਰਣਾ, ਉਤਸ਼ਾਹ ਜਾਂ ਰੁਚੀਆਂ ਆਦਿ ਕਹਿੰਦੇ ਹਨ। **ਇਸ ਲਈ ਪ੍ਰੇਰਣਾ ਇਕ ਉਤੇਜਨਾ ਹੈ ਜਿਸ ਤੋਂ ਬਿਨਾਂ ਕੋਈ ਵੀ ਵਿਵਹਾਰ ਅਤੇ ਨਤੀਜੇ ਵੱਜੋਂ ਕੋਈ ਵੀ ਸਿੱਖਣਾ ਸੰਭਵ ਨਹੀਂ ਹੈ।** ਪ੍ਰੇਰਣਾ ਹਰ ਪ੍ਰਕਾਰ ਦੇ ਵਿਵਹਾਰ ਲਈ ਉਤਸ਼ਾਹਿਤ ਸ਼ਕਤੀ ਅਤੇ ਦਿਸ਼ਾ ਪ੍ਰਦਾਨ ਕਰਦੀ ਹੈ। ਇਹ ਉਹ ਸ਼ਕਤੀ ਹੈ ਜੋ ਵਿਅਕਤੀ ਦੀ ਕ੍ਰਿਆ ਨੂੰ ਉਤੇਜਿਤ ਅਤੇ ਉਤਸ਼ਾਹਿਤ ਕਰਦੀ ਹੈ ਅਤੇ ਵਿਅਕਤੀ ਦੀ ਕ੍ਰਿਆ ਦੀ ਦਿਸ਼ਾ ਨੂੰ ਨਿਰਧਾਰਤ ਕਰਦੀ ਹੈ। ਸਪੱਸ਼ਟ ਸ਼ਬਦਾਂ ਵਿੱਚ ਪ੍ਰੇਰਣਾ ਸ਼ਬਦ ਵਿੱਚ ਉਹ ਕਾਰਕ ਅਤੇ ਕਾਰਜ-ਵਿਧੀਆਂ ਸ਼ਾਮਲ ਹਨ ਜੋ ਪ੍ਰਾਣੀ ਨੂੰ ਵੱਖ-ਵੱਖ ਸਥਿਤੀਆਂ ਵਿੱਚ ਕ੍ਰਿਆ ਕਰਨ ਲਈ ਉਤਸ਼ਾਹਿਤ ਕਰਦੀਆਂ ਹਨ।

ਅਸੀਂ ਜੋ ਕੁੱਝ ਵੀ ਕਰਦੇ ਹਾਂ, ਕਿਉਂ ਕਰਦੇ ਹਾਂ ? ਕੁੱਝ ਵਿਅਕਤੀ ਦੂਸਰੇ ਵਿਅਕਤੀਆਂ ਤੋਂ ਜ਼ਿਆਦਾ ਮਿਹਨਤ ਕਿਉਂ ਕਰਦੇ ਹਨ ? ਇਸ ਦਾ ਉੱਤਰ ਉਨ੍ਹਾਂ ਦੀ ਪ੍ਰੇਰਣਾ ਵਿੱਚ ਹੈ। ਵਿਸ਼ੇਸ਼ ਤੌਰ ਤੇ ਪ੍ਰੇਰਣਾ ਦੇ ਅਧਿਐਨ ਵਿੱਚ ਇਹ ਸਭ ਕਾਰਨ ਸ਼ਾਮਿਲ ਹਨ ਕਿ ਵਿਅਕਤੀ ਕੁੱਝ ਹੀ ਕੰਮ ਕਿਉਂ ਚੁਣਦੇ ਹਨ ਅਤੇ ਕੁੱਝ ਹੀ ਸਮੇਂ ਲਈ ਕੰਮ ਕਰਨ ਤੇ ਜ਼ੋਰ ਕਿਉਂ ਦਿੰਦੇ ਹਨ ? ਇਸ ਕਰਕੇ ਪ੍ਰੇਰਣਾ ਉਹਨਾਂ ਕਾਰਕਾਂ ਜਾਂ ਚਰਾਂ ਨਾਲ ਵਿਵਹਾਰ ਕਰਦੀ ਹੈ ਜੋ ਵਿਅਕਤੀ ਨੂੰ ਕ੍ਰਿਆ ਅਤੇ ਕਿਸੇ ਉਦੇਸ਼ ਵੱਲ ਉਤੇਜਿਤ ਅਤੇ ਨਿਰਦੇਸ਼ਤ ਕਰਦੇ ਹਨ (ਐਟਕਿਨਸਨ 1964)। ਕੁੱਝ ਸਥਿਤੀਆਂ ਕਈ ਵਿਅਕਤੀਆਂ ਲਈ ਪ੍ਰੇਰਨਾਦਾਇਕ ਹੁੰਦੀਆਂ ਹਨ ਅਤੇ ਕੁੱਝ ਨਹੀਂ, ਪ੍ਰੇਰਣਾ ਉਨ੍ਹਾਂ ਅੰਦਰੂਨੀ ਸਥਿਤੀਆਂ ਦਾ ਹਵਾਲਾ ਦਿੰਦੀ ਹੈ ਜੋ ਪ੍ਰਾਣੀ ਨੂੰ ਉਤਸ਼ਾਹਿਤ ਅਤੇ ਸ਼ਕਤੀ ਪ੍ਰਦਾਨ ਕਰਦੀਆਂ ਹਨ ਅਤੇ ਉਦੇਸ਼ ਪੂਰਕ ਵਿਵਹਾਰ ਵੱਲ ਪ੍ਰੇਰਿਤ ਕਰਦੀਆਂ ਹਨ। ਇਸ ਲਈ ਪ੍ਰੇਰਣਾ ਦੀ ਪਰਿਭਾਸ਼ਾ ਇਸ ਤਰ੍ਹਾਂ ਕੀਤੀ ਜਾਂਦੀ ਹੈ, ਕਿ ਇਹ ਵਿਅਕਤੀ ਦੀ ਕੋਈ ਵੀ ਸਾਧਾਰਣ ਅੰਦਰੂਨੀ ਅਵਸਥਾ ਹੈ ਜੋ ਅੰਤਰ ਪ੍ਰੇਰਣਾਵਾਂ, ਲੋੜਾਂ ਅਤੇ ਇੱਛਾਵਾਂ ਦੁਆਰਾ ਸ਼ੁਰੂ ਹੁੰਦੀ ਹੈ ਅਤੇ ਜੋ ਉਦੇਸ਼ ਪੂਰਨ ਵਿਵਹਾਰ ਪੈਦਾ ਕਰਦੀ ਹੈ। ਪ੍ਰੇਰਣਾ ਜਾਂ ਪ੍ਰੇਰਿਤ ਵਿਵਹਾਰ ਸਮਾਜਿਕ ਲੋੜਾਂ ਜਾਂ ਅੰਤਰ ਪ੍ਰੇਰਣਾਵਾਂ ਤੋਂ ਜਾਂ ਫਿਰ ਬਹੁਤ ਜ਼ਿਆਦਾ ਗੁੰਝਲਦਾਰ ਇੱਛਾਵਾ ਤੋਂ ਵਿਕਸਿਤ ਹੋ ਸਕਦਾ ਹੈ।

ਮਨੁੱਖੀ ਵਿਵਹਾਰ ਨੂੰ ਕੁੱਝ ਪ੍ਰਯੋਜਨਾ ਦੁਆਰਾ ਨਿਯੰਤਰਤ, ਨਿਰਦੇਸ਼ਿਤ ਅਤੇ ਸੁਧਾਰਿਆ ਜਾਂਦਾ ਹੈ। ਵਿਅਕਤੀ ਭੋਜਨ ਦੀ ਤਲਾਸ਼ ਇਸ ਲਈ ਕਰਦਾ ਹੈ ਕਿਉਂਕਿ ਉਹ ਭੁੱਖਾ ਹੈ। ਉਸ ਦੀ ਭੁੱਖ ਉਸ ਦਾ ਇਕ ਪ੍ਰਯੋਜਨ ਹੈ ਜੋ ਉਸ ਨੂੰ ਭੋਜਨ ਦੀ ਤਲਾਸ਼ ਲਈ ਉਤਸ਼ਾਹ ਪ੍ਰਦਾਨ ਕਰਦਾ ਹੈ। ਇਸ ਲਈ ਪ੍ਰਯੋਜਨ ਨੂੰ ਅਸੀਂ ਮਨੁੱਖੀ ਸੁਭਾਅ ਦਾ ਕੱਚਾ ਮਾਲ ਕਹਿ ਸਕਦੇ ਹਾਂ। ਉਹ ਮਨੁੱਖੀ ਚਾਲ-ਚਲਨ ਅਤੇ ਵਿਵਹਾਰ ਦੇ ਨਿਰਧਾਰਿਕ ਹਨ। ਜਦੋਂ ਵਿਅਕਤੀ ਨੂੰ ਕੋਈ ਪ੍ਰਯੋਜਨ ਪ੍ਰਾਪਤ ਹੁੰਦਾ ਹੈ ਤਾਂ ਉਹ ਤਣਾਉ ਅਨੁਭਵ ਕਰਦਾ ਹੈ ਅਤੇ ਬੇਚੈਨ ਹੋ ਜਾਂਦਾ ਹੈ। ਫਿਰ ਉਸ ਦੀਆਂ ਕ੍ਰਿਆਵਾਂ ਸ਼ੁਰੂ ਹੋ ਜਾਂਦੀਆਂ ਹਨ। ਵਿਅਕਤੀ ਇਕ ਖਾਸ ਦਿਸ਼ਾ ਵੱਲ ਕੰਮ ਸ਼ੁਰੂ ਕਰਨ ਲਈ ਪ੍ਰੇਰਿਤ ਮਹਿਸੂਸ ਕਰਦਾ ਹੈ। ਵਿਅਕਤੀ ਦੀਆਂ ਤਕਰੀਬਨ ਸਾਰੀਆਂ ਕ੍ਰਿਆਵਾਂ ਪ੍ਰਯੋਜਨਾਂ ਦੁਆਰਾ ਨਿਰਧਾਰਤ ਹੁੰਦੀਆਂ ਹਨ। ਜਦੋਂ ਕੋਈ ਵਿਅਕਤੀ ਪ੍ਰੇਰਣਾ ਪ੍ਰਾਪਤ ਕਰਦਾ ਹੈ ਤਾਂ ਉਹ ਕੰਮ ਕਰਨ ਲਈ ਗਤੀਸ਼ੀਲ ਹੁੰਦਾ ਹੈ। ਉਹ ਕ੍ਰਿਆ ਕਰਨੀ ਸ਼ੁਰੂ ਕਰ ਦਿੰਦਾ ਹੈ ਅਤੇ ਉਸ ਦੀਆਂ ਕ੍ਰਿਆਵਾਂ ਉਸ ਸਮੇਂ ਤੱਕ ਚਲਦੀਆਂ ਰਹਿੰਦੀਆਂ ਹਨ, ਜਦੋਂ ਤੱਕ ਉਹ ਟੀਚੇ ਨੂੰ ਪ੍ਰਾਪਤ ਨਹੀਂ ਕਰ ਲੈਂਦਾ।

**2.3.3.1 ਪ੍ਰਯੋਜਨ** (Motives):

ਪ੍ਰਯੋਜਨ ਕ੍ਰਿਆ ਨੂੰ ਆਰੰਭ ਕਰਦੇ ਹਨ ਅਤੇ ਉਦੋਂ ਤੱਕ ਕ੍ਰਿਆਵਾਂ ਜਾਰੀ ਰੱਖਦੇ ਹਨ ਜਦੋਂ ਤੱਕ ਟੀਚੇ ਦੀ ਪੂਰਤੀ ਨਹੀਂ ਹੋ ਜਾਂਦੀ। ਉਹ ਇਕ ਵਿਸ਼ੇਸ਼ ਦਿਸ਼ਾ ਵੱਲ ਕ੍ਰਿਆਵਾਂ ਨੂੰ ਨਿਰਦੇਸ਼ਤ ਕਰਦੇ ਹਨ। ਇਸ ਪ੍ਰਕਾਰ ਅਸੀਂ ਪ੍ਰਯੋਜਨ ਦੀ ਕ੍ਰਿਆ ਦੇ ਰੁਝਾਨ ਦੇ ਰੂਪ ਵਿਆਖਿਆ ਕਰਦੇ ਹਾਂ ਜੋ ਇਕ ਅੰਤਰ ਪ੍ਰੇਰਨਾ ਦੁਆਰਾ ਸ਼ੁਰੂ ਹੁੰਦੀ ਹੈ ਅਤੇ ਸਮਾਯੋਜਨ ਨਾਲ ਖਤਮ ਹੁੰਦੀ ਹੈ। ਉਦਾਹਰਣ ਦੇ ਤੌਰ ਤੇ ਸਾਡੇ ਸਰੀਰ ਦੀਆਂ ਸਰੀਰਕ ਕ੍ਰਿਆਵਾਂ ਕਾਰਨ ਅਸੀਂ ਭੁੱਖ ਮਹਿਸੂਸ ਕਰਦੇ ਹਾਂ। ਜਦੋਂ ਸਾਨੂੰ ਭੁੱਖ ਲਗਦੀ ਹੈ ਤਾਂ ਅਸੀਂ ਤਣਾਉ ਮਹਿਸੂਸ ਕਰਦੇ ਹਾਂ। ਇਸ ਤਣਾਉ ਨੂੰ ਦੂਰ ਕਰਨ ਲਈ ਅਸੀਂ ਅਜਿਹੀ ਦਿਸ਼ਾ ਅਤੇ ਤਰੀਕੇ ਨਾਲ ਕੰਮ ਕਰਨਾ ਸ਼ੁਰੂ ਕਰਦੇ ਹਾਂ ਕਿ ਅਸੀਂ ਆਪਣੀ ਭੁੱਖ ਦੀ ਸੰਤੁਸ਼ਟੀ ਕਰਨ ਦੇ ਯੋਗ ਹੋ ਜਾਂਦੇ ਹਾਂ। ਇਸ ਤਰ੍ਹਾਂ ਸਾਡੀਆਂ ਕ੍ਰਿਆਵਾਂ ਇਕ ਪ੍ਰਯੋਜਨ ਦੁਆਰਾ ਸ਼ੁਰੂ ਹੋਈਆਂ ਅਤੇ ਇਹ ਪ੍ਰਯੋਜਨ ਭੁੱਖ ਹੈ ਅਤੇ ਜਦੋਂ ਸਾਡੀ ਭੁੱਖ ਸੰਤੁਸ਼ਟ ਹੋ ਜਾਂਦੀ ਹੈ ਤਾਂ ਕ੍ਰਿਆਵਾਂ ਵੀ ਖਤਮ ਹੋ ਜਾਂਦੀਆਂ ਹਨ ਅਤੇ ਅਸੀਂ ਇਕ ਸਮਾਯੋਜਨ ਪ੍ਰਾਪਤ ਕਰ ਲੈਂਦੇ ਹਾਂ। ਇਸ ਪ੍ਰਕਾਰ ਪ੍ਰਯੋਜਨ ਪ੍ਰਾਣੀ ਦੇ ਅੰਦਰ ਇਕ ਸਰੀਰਕ ਜਾਂ ਮਨੋਵਿਗਿਆਨਕ ਅਵਸਥਾ ਹੈ ਜੋ ਕੁੱਝ ਵਿਸ਼ੇਸ਼ ਤਰੀਕਿਆਂ ਨਾਲ ਕੰਮ ਕਰਨ ਲਈ ਪ੍ਰੇਰਿਤ ਕਰਦੀ ਹੈ। ਪ੍ਰਯੋਜਨ ਚਾਹੇ, ਜਮਾਂਦਰੂ ਹੋਣ ਜਾਂ ਸਿੱਖੇ ਹੋਏ ਪਰ ਜਦੋਂ ਉਤੇਜਿਤ ਹੁੰਦੇ ਹਨ ਤਾਂ

ਉਹ ਵਿਵਹਾਰ ਨੂੰ ਵਿਸ਼ੇਸ਼ ਟੀਚੇ ਨਾਲ ਸੰਬੰਧਿਤ ਉਦੇਸ਼ਾਂ ਵੱਲ ਲੈ ਜਾਂਦੇ ਹਨ।

ਪ੍ਰਯੋਜਨ ਉਹ ਵਿਸ਼ੇਸ਼ ਅਵਸਥਾਵਾਂ ਹਨ ਜੋ ਪ੍ਰਾਣੀ ਨੂੰ ਇਕ ਟੀਚੇ ਵੱਲ ਨਿਰਦੇਸ਼ਿਤ ਕਰਦੀਆਂ ਹਨ। ਇਸ ਲਈ ਮਨੋਵਿਗਿਆਨੀ ਕਹਿੰਦੇ ਹਨ ਕਿ ਵਿਅਕਤੀ ਪ੍ਰੇਰਿਤ ਹੁੰਦੇ ਹਨ ਅਤੇ ਵਿਸ਼ੇਸ਼ ਪ੍ਰਯੋਜਨਾਂ ਦੁਆਰਾ ਵਿਸ਼ੇਸ਼ ਟੀਚਿਆਂ ਵੱਲ ਨਿਰਦੇਸ਼ਿਤ ਹੁੰਦੇ ਹਨ। ਪ੍ਰਯੋਜਨਾਂ ਸੰਬੰਧੀ ਕੁੱਝ ਵਿਚਾਰ ਹੇਠ ਲਿਖੇ ਹਨ :

1. ਪ੍ਰਯੋਜਨ ਚਾਹੇ **ਕੁਦਰਤੀ ਪ੍ਰੇਰਣਾ** ਤੋਂ ਪੈਦਾ ਹੁੰਦੇ ਹਨ ਜਾਂ ਸਿੱਖੇ ਹੁੰਦੇ ਹਨ, ਉਹ ਗਤੀਸ਼ੀਲ ਸ਼ਕਤੀਆਂ ਹਨ ਜੋ ਵਿਚਾਰਾਂ ਸੰਵੇਗਾਂ ਅਤੇ ਵਿਵਹਾਰ ਨੂੰ ਪ੍ਰਭਾਵਿਤ ਕਰਦੇ ਹਨ।
2. ਪ੍ਰਯੋਜਨ ਇਕ ਵਿਚਾਰ, **ਭਾਵਨਾ** ਜਾਂ **ਅਵਸਥਾ** ਹੈ ਜੋ ਪ੍ਰਾਣੀ ਦੀ ਕ੍ਰਿਆ ਦਾ ਕਾਰਣ ਬਣਦੀ ਹੈ।
3. **ਤ**
4. ਵਿਅਕਤੀ ਦੀ ਕੋਈ ਵੀ ਉਹ ਅਵਸਥਾ ਜੋ ਉਸ ਨੂੰ ਇਕ ਦਿੱਤੇ ਹੋਏ ਕੰਮ ਦੇ ਅਭਿਆਸ ਪ੍ਰਤੀ ਸੰਕੇਤ ਕਰਦੀ ਹੈ ਅਤੇ ਜੋ ਉਸ ਦੀਆਂ ਕ੍ਰਿਆਵਾਂ ਦੀ ਯੋਗਤਾ ਅਤੇ ਕੰਮ ਦੀ ਪੂਰਤੀ ਬਾਰੇ ਸਪੱਸ਼ਟ ਦੱਸਦੀ ਹੈ, ਨੂੰ ਪ੍ਰਯੋਜਨ ਕਿਹਾ ਜਾਂਦਾ ਹੈ।

**2.3.3.2 ਪ੍ਰੇਰਿਤ ਵਿਵਹਾਰ ਦੀਆਂ ਵਿਸ਼ੇਸ਼ਤਾਵਾਂ (Characteristics of Motivated Behaviour)** :

ਪ੍ਰੇਰਣਾ ਇਕ ਵਿਸ਼ਾਲ ਸ਼ਬਦ ਹੈ ਜੋ ਉਹਨਾਂ ਅੰਦਰੂਨੀ ਅਵਸਥਾਵਾਂ ਦਰਸਾਉਣ ਲਈ ਮਨੋਵਿਗਿਆਨ ਵਿੱਚ ਵਰਤਿਆ ਜਾਂਦਾ ਹੈ ਜੋ ਪ੍ਰਾਣੀ ਨੂੰ ਟੀਚੇ ਸੰਬੰਧੀ ਵਿਵਹਾਰ ਵੱਲ ਲੈ ਜਾਣ ਲਈ ਕ੍ਰਿਆਸ਼ੀਲ ਜਾਂ ਉਤਸ਼ਾਹਿਤ ਕਰਦੀਆਂ ਹਨ।

1. ਪ੍ਰਯੋਜਨ ਜਾਂ ਅੰਤਰ ਪ੍ਰੇਰਣਾ ਚਾਹੇ ਉਹ ਜਮਾਂਦਰੂ ਹੋਣ ਜਾਂ ਸਿੱਖਿਅਤ ਜਾਂ ਉਹਨਾਂ ਦੀ ਹੋਂਦ ਕੋਈ ਵੀ ਹੋਵੇ, ਜਦੋਂ ਉਤੇਜਿਤ ਹੁੰਦੇ ਹਨ ਤਾਂ ਟੀਚੇ ਪ੍ਰਤੀ ਉਹ ਕ੍ਰਿਆ ਕਰਨ ਲਈ **ਉਤਸ਼ਾਹਿਤ** ਕਰਦੇ ਹਨ ਜੋ ਸਿੱਖਣ ਰਾਹੀਂ ਇਕ ਖਾਸ ਪ੍ਰਯੋਜਨ ਨਾਲ ਸੰਬੰਧਤ ਹੋ ਜਾਂਦੇ ਹਨ।
2. ਪ੍ਰਯੋਜਨ ਸ਼ਬਦ ਉਸ ਨੂੰ ਕਿਹਾ ਜਾਂਦਾ ਹੈ ਜਿਸ ਨੂੰ ਪ੍ਰਤੱਖ ਤੌਰ ਤੇ ਵੇਖਿਆ ਨਹੀਂ ਜਾ ਸਕਦਾ। ਅਸੀਂ ਵਿਵਹਾਰ ਤੋਂ ਜਾਂ ਦੂਸਰੇ ਕਈ ਕਾਰਕਾਂ ਦੇ ਗਿਆਨ ਤੋਂ ਪ੍ਰਯੋਜਨ ਦੀ ਹੋਂਦ ਦਾ ਅਨੁਮਾਨ ਲਗਾ ਸਕਦੇ ਹਾਂ। ਦੂਸਰੇ ਪਾਸੇ ਕਈ ਪ੍ਰਯੋਜਨਾਂ ਦੀ ਮੌਜੂਦਗੀ ਨੂੰ ਜੀਵ ਦੀ ਸਰੀਰਕ ਅਵਸਥਾ ਦੇ ਗਿਆਨ ਤੋਂ ਸਿੱਧੇ ਰੂਪ ਵਿੱਚ ਵੇਖਿਆ ਜਾ ਸਕਦਾ ਹੈ। ਪੇਟ ਦਾ ਸੁੰਗੜਨਾ, ਖੂਨ ਵਿੱਚ ਰਸਾਇਣੀ ਤਬਦੀਲੀਆਂ ਅਤੇ ਸਵਾਦ-ਸੰਵੇਦਨਾ ਆਦਿ ਸਰੀਰਕ ਤੌਰ ਤੇ ਭੁੱਖ ਪ੍ਰਯੋਜਨ ਨਾਲ ਸੰਬੰਧਤ ਹਨ।
3. ਪ੍ਰੇਰਿਤ ਵਿਵਹਾਰ ਬਾਰ-ਬਾਰ ਹੋਣ ਵਾਲਾ ਹੈ। ਸਭ ਤੋਂ ਪਹਿਲਾਂ ਇਕ ਪ੍ਰਯੋਜਨ ਜਾਂ ਅੰਤਰ ਪ੍ਰੇਰਣਾ ਉਤੇਜਿਤ ਹੁੰਦੀ ਹੈ। ਪ੍ਰਯੋਜਨ ਕਈ ਵਾਰ ਸਰੀਰਕ ਲੋੜਾਂ ਜਿਵੇਂ ਕਿ ਭੋਜਨ ਜਾਂ ਪਾਣੀ ਦੀ ਲੋੜ ਤੋਂ ਪੈਦਾ ਹੁੰਦੀ ਹੈ ਅਤੇ ਕਈ ਵਾਰ ਮਨੋਵਿਗਿਆਨਕ ਲੋੜਾਂ ਤੋਂ ਜਿਵੇਂ ਕਿ ਸੰਗਤ ਜਾਂ ਪ੍ਰਾਪਤੀ ਦੀ ਲੋੜ ਤੋਂ ਪੈਦਾ ਹੁੰਦੀ ਹੈ। ਦੂਜਾ ਵਿਵਹਾਰ ਦਾ ਇਕ ਸਿਲਸਿਲਾ ਸ਼ੁਰੂ ਹੋ ਜਾਂਦਾ ਹੈ ਜਿਸ ਦੌਰਾਨ ਜੀਵ ਅੰਤਰ ਪ੍ਰੇਰਣਾ ਨੂੰ ਘਟਾਉਣ ਜਾਂ ਉਸ ਦੀ ਸੰਤੁਸ਼ਟੀ ਲਈ ਕਈ ਸਾਧਨਾਂ ਦੀ ਖੋਜ ਕਰਦਾ ਹੈ। ਅੰਤ ਵਿੱਚ ਕੋਈ ਟੀਚਾ ਪ੍ਰਾਪਤ ਹੋ ਜਾਂਦਾ ਹੈ ਜਿਸ ਦੁਆਰਾ ਅੰਤਰ ਪ੍ਰੇਰਣਾ ਨੂੰ ਘਟਾਇਆ ਜਾਂਦਾ ਹੈ ਜਾਂ ਖਤਮ ਕੀਤਾ ਜਾਂਦਾ ਹੈ।
4. ਜੀਵ ਵਿੱਚ ਵਿਵਹਾਰ ਅਤੇ ਤਜਰਬੇ ਨੂੰ ਚੋਣਵਾਂ ਕਰਨ ਲਈ ਪ੍ਰਯੋਜਨ ਕੰਮ ਕਰਨਾ ਸ਼ੁਰੂ ਕਰ ਦਿੰਦਾ ਹੈ। ਇਕ ਬੱਚਾ ਜਿਸ ਕੋਲ ਪੈਸੇ ਦੀ ਘਾਟ ਹੈ, ਧਨ ਦੀ ਪ੍ਰਾਪਤੀ ਲਈ ਜ਼ਿਆਦਾ ਕੋਸ਼ਿਸ਼ ਕਰੇਗਾ ਜਾਂ ਉਸ ਦੇ ਲਈ ਦੂਸਰੇ ਉਤੇਜਿਤ ਪ੍ਰਯੋਜਨ ਜ਼ਿਆਦਾ ਮਹੱਤਵ ਨਹੀਂ ਹੋਵੇਗਾ।
5. ਪ੍ਰੇਰਿਤ ਵਿਵਹਾਰ ਕ੍ਰਿਆਸ਼ੀਲ ਅਤੇ ਸਥਿਰ ਹੁੰਦਾ ਹੈ। ਸਾਧਾਰਣ ਤੌਰ ਤੇ ਅਸੀਂ ਕਹਿ ਸਕਦੇ ਹਾਂ ਕਿ ਪ੍ਰਯੋਜਨ ਜਿੰਨਾ ਜ਼ਿਆਦਾ ਮਜ਼ਬੂਤ ਹੋਵੇਗਾ, ਉਨ੍ਹੀ ਜ਼ਿਆਦਾ ਹੀ ਜੀਵ ਦੀ ਕ੍ਰਿਆ ਹੋਵੇਗੀ ਅਤ ਉਸ ਪ੍ਰਯੋਜਨ ਨਾਲ ਸੰਬੰਧਤ ਟੀਚਿਆਂ ਦੀ ਸਥਿਰਤਾ ਵੀ ਉਨ੍ਹੀ ਹੀ ਜ਼ਿਆਦਾ ਹੋਵੇਗੀ।
6. ਪ੍ਰੇਰਿਤ ਵਿਵਹਾਰ ਵਿਅਕਤਿੱਤਵ-ਪੂਰਤੀ ਪ੍ਰਕ੍ਰਿਆ ਹੈ। ਹਰ ਪ੍ਰਾਣੀ ਦੇ ਸਰੀਰ ਵਿੱਚ ਕੁੱਝ ਮਸ਼ੀਨੀ ਰਚਨਾਵਾਂ ਹੁੰਦੀਆਂ ਹਨ ਜੋ ਸਥਿਰ ਸਰੀਰਕ ਸੰਤੁਲਨ ਕਾਇਮ ਰੱਖਦੀਆਂ ਹਨ। ਅੰਦਰੂਨੀ ਸਰੀਰਕ ਸੰਤੁਲਨ ਕਾਇਮ ਰੱਖਣ ਦੀ ਇਸ ਪ੍ਰਕ੍ਰਿਆ ਨੂੰ ਹੋਮਿਉਸਟੈਟਿਸ ਕਹਿੰਦੇ ਹਨ। ਜਦੋਂ ਕੋਈ ਵੀ ਲੋੜ ਅਸੰਤੁਸ਼ਟ ਰਹਿ ਜਾਂਦੀ ਹੈ ਤਾਂ ਪ੍ਰਾਣੀ ਵਿੱਚ ਤਣਾਉ ਪੈਦਾ ਹੋ ਜਾਂਦਾ ਹੈ ਅਤੇ ਤਣਾਓ ਉਸ ਅਸੰਤੁਸ਼ਟ ਲੋੜ ਵੱਲ ਪ੍ਰੇਰਿਤ ਕਰਦਾ ਹੈ ਅਤੇ ਤਣਾਓ ਖਤਮ ਕਰਦਾ ਹੈ। ਇਸ ਕਰਕੇ ਹਰ ਪ੍ਰਕਾਰ ਦੇ ਵਿਵਹਾਰ ਦੇ ਸਰੂਪ ਨੂੰ ਵਿਅਕਤਿੱਤਵ-ਪ੍ਰਕ੍ਰਿਆ ਮੰਨਿਆ ਜਾਂਦਾ ਹੈ।

ਮਨੋਵਿਗਿਆਨੀਆਂ ਨੇ ਵਿਅਕਤੀ ਦੇ ਪ੍ਰੇਰਿਤ ਵਿਵਹਾਰ ਦਾ ਵਿਸ਼ਲੇਸ਼ਣ ਕੀਤਾ ਅਤੇ ਹੇਠ ਲਿਖੇ ਕਾਰਜਾਂ ਦਾ ਨਿਰੀਖਣ ਕੀਤਾ :

**1. ਪ੍ਰਯੋਜਨ ਵਿਵਹਾਰ ਨੂੰ ਸ਼ਕਤੀ ਪ੍ਰਦਾਨ ਕਰਦੇ ਹਨ ਅਤੇ ਕਾਇਮ ਰੱਖਦੇ ਹਨ :**

ਪ੍ਰਯੋਜਨ ਜੀਵ ਦੇ ਵਿਵਹਾਰ ਨੂੰ ਸ਼ਕਤੀ ਪ੍ਰਦਾਨ ਕਰਦੇ ਹਨ ਅਤੇ ਉਸ ਨੂੰ ਕੋਈ ਕ੍ਰਿਆ ਕਰਨ ਲਈ ਉਤੇਜਿਤ ਕਰਦੇ ਹਨ। ਪ੍ਰਯੋਜਨ ਵਿਵਹਾਰ ਨੂੰ ਨਾ ਕੇਵਲ ਸਕਤੀ ਦਿੰਦੇ ਹਨ ਪਰੰਤੂ ਕ੍ਰਿਆਵਾਂ ਵਿੱਚ ਸਾਡੇ ਵਿਵਹਾਰ ਅਤੇ ਰੁੱਚੀਆਂ ਨੂੰ ਕਾਫੀ ਲੰਬੇ ਸਮੇਂ ਤੱਕ ਕਾਇਮ ਰੱਖਦੇ ਹਨ।

**2. ਪ੍ਰਯੋਜਨ ਸਾਡੇ ਵਿਵਹਾਰ ਨੂੰ ਨਿਰਦੇਸ਼ਿਤ ਅਤੇ ਨਿਯਮਤ ਕਰਦੇ ਹਨ :**

ਪ੍ਰਯੋਜਨ ਅਵਸਥਾ ਨੂੰ ਅਕਸਰ ਮਾਰਗ ਦਰਸ਼ਨ, ਨਿਰਦੇਸ਼ਿਤ ਅਤੇ ਉਦੇਸ਼ਾਤਮਕ ਮੰਨਿਆ ਜਾਂਦਾ ਹੈ। ਪ੍ਰੇਰਿਤ ਵਿਵਹਾਰ ਇਕ ਖਾਸ ਦਿਸ਼ਾ ਵੱਲ ਕ੍ਰਿਆ ਕਰਦਾ ਹੈ। ਪ੍ਰਾਣੀ ਦਾ ਵਿਵਹਾਰ ਉਦੇਸ਼ਪੂਰਣ ਤੇ ਸਥਿਰ ਹੁੰਦਾ ਹੈ।

**3. ਵਿਵਹਾਰ ਚੋਣਵਾਂ ਹੈ :**

ਪ੍ਰੇਰਿਤ ਵਿਵਹਾਰ ਖਾਸ ਚੋਣਵੇਂ ਟੀਚੇ ਵੱਲ ਨਿਰਦੇਸ਼ਿਤ ਹੁੰਦਾ ਹੈ, ਜੋ ਕਿ ਵਿਅਕਤੀ ਆਪਣੇ ਲਈ ਨਿਰਧਾਰਤ ਕਰਦਾ ਹੈ। ਉਦਾਹਰਣ ਦੇ ਤੌਰ ਤੇ, ਇਕ ਵਿਦਿਆਰਥੀ ਜੋ ਇਮਤਿਹਾਨ ਵਿੱਚ ਚੰਗੇ ਨੰਬਰ ਲੈਣ ਲਈ ਪ੍ਰੇਰਿਤ ਹੈ, ਆਪਣੀ ਟੀਚੇ ਤੱਕ ਪਹੁੰਚਣ ਲਈ ਢੁੱਕਵੇਂ ਸਾਧਨਾਂ ਦੀ ਚੋਣ ਰਾਹੀਂ ਆਪਣੀ ਪੜ੍ਹਾਈ ਤੇ ਧਿਆਨ ਦੇਵੇਗਾ। ਟੀਚੇ ਦੀ ਪ੍ਰਾਪਤੀ ਉਪਰੰਤ ਪ੍ਰਯੋਜਨ ਖਤਮ ਹੋ ਜਾਵੇਗਾ।

**2.3.4 ਪ੍ਰੇਰਕ ਦੀਆਂ ਕਿਸਮਾਂ :**

ਕਈ ਮਨੋਵਿਗਿਆਨੀਆਂ ਨੇ ਦੋ ਪ੍ਰਕਾਰ ਦੇ ਪ੍ਰਯੋਜਨਾਂ ਵਿਚਕਾਰ ਭਿੰਨਤਾ ਦਰਸਾਈ ਹੈ ਭਾਵ (1) ਸਰੀਰਕ ਅਤੇ (2) ਸਮਾਜਿਕ।

1. ਸਰੀਰਕ ਪ੍ਰਯੋਜਨ ਪ੍ਰਾਣੀ ਦੀਆਂ ਸਰੀਰਕ ਲੋੜਾਂ ਅਤੇ ਸਵੈ-ਨਿਯਮਿਤ ਪ੍ਰਕ੍ਰਿਆਵਾਂ ਰਾਹੀਂ ਪੈਦਾ ਹੁੰਦੇ ਹਨ। ਇਹ ਜਨਮ ਸਮੇਂ ਹੀ ਮੌਜੂਦ ਹਨ। ਭੁੱਖ, ਪਿਆਸ ਲਿੰਗ, ਤਾਪਮਾਨ ਦੀ ਨਿਯਮਤਾ ਜਿਵੇਂ ਜ਼ਿਆਦਾ ਗਰਮੀ ਜਾਂ ਠੰਡ ਤੋਂ ਬਚਣਾ, ਨੀਂਦ ਜਾਂ ਅਰਾਮ ਦੀ ਲੋੜ, ਮਲ-ਮੂਤਰ ਤਿਆਗਨਾ, ਦਰਦ ਤੋਂ ਬਚਾਓ ਅਤੇ ਸਾਹ ਲੈਣ ਦੀ ਕ੍ਰਿਆ ਆਦਿ ਸਰੀਰਕ ਪ੍ਰਯੋਜਨ ਹਨ। ਇਹਨਾਂ ਪ੍ਰਯੋਜਨਾਂ ਦੀ ਕਸੌਟੀ ਇਸ ਪ੍ਰਕਾਰ ਹੈ :

ੳ. ਪ੍ਰਯੋਜਨ ਵਿੱਚ ਕਿਸੇ ਸਰੀਰਕ ਲੋੜ ਪ੍ਰਤੀ ਪ੍ਰਤੀਕ੍ਰਿਆ ਜ਼ਰੂਰ ਹੋਣੀ ਚਾਹੀਦੀ ਹੈ।

ਅ. ਅਸ਼ਾਂਤ ਅੰਦਰੂਨੀ ਸੰਤੁਲਨ ਪ੍ਰਤੀ ਪ੍ਰਤੀਕਿਰਿਆ ਵਿੱਚ ਜੀਵ ਦੀ ਉਤੇਜਿਤ ਅਵਸਥਾ ਜ਼ਰੂਰ ਹੋਣੀ ਚਾਹੀਦੀ ਹੈ।

ੲ. ਪ੍ਰਯੋਜਨ ਦੇ ਸਪੱਸ਼ਟੀਕਰਣ ਵਿੱਚ ਇਕੋ ਨਸਲ ਦੇ ਸਾਰੇ ਮੈਂਬਰਾਂ ਵਿੱਚ ਵਿਆਪਕਤਾ ਹੋਣੀ ਚਾਹੀਦੀ ਹੈ।

ਸ. ਪ੍ਰਯੋਜਨ ਅਣਸਿੱਖਿਅਤ ਹੋਣਾ ਚਾਹੀਦਾ ਹੈ।

2. ਕਈ ਸਮਾਜਿਕ ਪ੍ਰਯੋਜਨ ਇਕ ਸਭਿਆਚਾਰ ਵਿੱਚ ਸਮਾਜਿਕ ਹੋਣ ਦੀ ਪ੍ਰਕ੍ਰਿਆ ਦੌਰਾਨ ਗ੍ਰਹਿਣ ਕੀਤੇ ਜਾਂਦੇ ਹਨ। ਉਹ ਅੰਤਰ ਨਿਜੀ ਸੰਬੰਧਾਂ, ਸਥਾਪਿਤ ਸਮਾਜਿਕ ਕਦਰਾਂ ਕੀਮਤਾਂ, ਸੰਸਥਾਵਾਂ ਦੇ ਮਾਨਕ, ਅਨੁਰੂਪ ਬਣਾਏ ਜਾਂਦੇ ਹਨ। ਤਰੱਕੀ ਦੀ ਇੱਛਾ, ਰੁਤਬਾ, ਮੈਂਬਰਸ਼ਿਪ ਅਤੇ ਜ਼ਿਆਦਾ ਤਨਖਾਹ ਆਦਿ ਸਭ ਸਮਾਜਿਕ ਪ੍ਰੇਰਕ ਹਨ। ਉਹ ਸਾਡੇ ਵਿਵਹਾਰ ਨੂੰ ਸ਼ਕਤੀ ਪ੍ਰਦਾਨ ਕਰਦੇ ਹਨ ਅਤੇ ਨਿਰਦੇਸ਼ਿਤ ਕਰਦੇ ਹਨ। ਅਜਿਹੇ ਪ੍ਰਯੋਜਨ ਇਕ ਸਭਿਆਚਾਰ ਵਿੱਚ ਦੂਸਰੇ ਵਿਅਕਤੀਆਂ ਨਾਲ ਅੰਤਰਕ੍ਰਿਆ ਦੌਰਾਂਨ ਸਿੱਖੇ ਜਾਂਦੇ ਹਨ। ਸਮਾਜਿਕ ਪ੍ਰਯੋਜਨਾਂ ਨੂੰ ਚਾਰ ਇੱਛਾਵਾਂ ਤੱਕ ਘਟਾਇਆ ਜਾ ਸਕਦਾ ਹੈ। (1) ਸੁਰੱਖਿਆ (2) ਪਹਿਚਾਣ (3) ਪਿਆਰ ਅਤੇ (4) ਨਵੇਂ ਤਜਰਬੇ। ਕੁੱਝ ਮਨੋਵਿਗਿਆਨੀਆਂ ਅਨੁਸਾਰ ਪ੍ਰਾਪਤੀ, ਸਿਲਸਿਲੇਵਾਰਤਾ, ਉਪਲੱਬਧੀ ਆਕ੍ਰਮਣ, ਸਵੈਰਾਜ, ਉੱਚਾਪਨ ਅਤੇ ਸੰਬੰਧਨ ਆਦਿ ਦੂਸਰੇ ਸਮਾਜਿਕ ਪ੍ਰੇਰਕ ਹਨ।

**2.3.4.1 ਸਰੀਰਕ ਪ੍ਰਯੋਜਨ (Physiological Motives) :**

ਇਹਨਾਂ ਪ੍ਰਯੋਜਨਾਂ ਦਾ ਜੀਵ ਆਧਾਰ ਹੈ। ਪ੍ਰਯੋਜਨਾਂ ਦੇ ਜੀਵ ਸੰਬੰਧੀ ਆਧਾਰਾਂ ਦੀ ਖੋਜ ਲਈ ਕਈ ਪ੍ਰਯੋਗ ਕੀਤੇ ਗਏ ਜਿਨ੍ਹਾਂ ਦੀ ਪਹਿਚਾਣ, ਭੁੱਖ ਪਿਆਸ, ਥਕਾਵਟ ਆਦਿ ਵੱਜੋਂ ਹੋਈ।

**(1) ਭੁੱਖ** (Hunger)

ਸਭ ਤੋਂ ਮਹੱਤਵਪੂਰਣ ਸਰੀਰਕ ਪ੍ਰਯੋਜਨ ਭੁੱਖ ਹੈ। ਮਨੁੱਖ ਦੇ ਮੁੱਖ ਸਰੀਰਕ ਕਾਰਨਾਂ ਵਿਚੋਂ ਇਕ ਕਾਰਨ ਖੂਨ ਵਿੱਚ ਚੀਨੀ ਦਾ ਪੱਧਰ ਘੱਟ ਹੋਣਾ ਹੈ। ਜਿਸ ਨਾਲ ਭੋਜਨ ਦੀ ਘਾਟ ਹੋ ਜਾਂਦੀ ਹੈ ਅਤੇ ਰਸਾਇਣੀ ਅਸੰਤੁਲਨ ਪੈਦਾ ਹੋ ਜਾਂਦਾ ਹੈ। ਕਿਉਂਕਿ ਚੀਨੀ ਜਾਂ ਖੰਡ ਸੈਲਾਂ ਦੀ ਕ੍ਰਿਆ ਲਈ ਬਹੁਤ ਮਹੱਤਵਪੂਰਨ ਹੈ, ਇਸੇ ਕਰਕ ਸਰੀਰ ਦਿਮਾਗ ਨੂੰ ਖੂਨ ਵਿੱਚ ਚੀਨੀ ਦੇ ਘੱਟ ਪੱਧਰ ਦੀ ਚੇਤਾਵਨੀ ਦਿੰਦਾ ਹੈ ਅਤੇ ਦਿਮਾਗ ਉਸ ਸਮੇਂ ਪੇਟ ਵਿੱਚ ਭੁੱਖ-ਪੀੜਾ ਪੈਦਾ ਕਰਕੇ ਪ੍ਰਤੀਕ੍ਰਿਆ ਕਰਦਾ ਹੈ ਵਿਅਕਤੀ ਜੋ ਭੋਜਨ ਖਾਂਦਾ ਹੈ ਉਸ ਦੀ

ਮਾਤਰਾ ਇਹ ਨਿਰਧਾਰਤ ਨਹੀਂ ਕਰਦੀ ਹੈ ਕਿ ਉਹ ਕਿੰਨਾ ਭੁੱਖਾ ਹੈ।

ਖੋਜਾਂ ਤੋਂ ਪਤਾ ਲਗਿਆ ਹੈ ਕਿ ਭੁੱਖ ਨੂੰ ਨਿਯੰਤਰਣ ਕਰਨ ਵਿੱਚ ਹਾਈਪੋਥੈਲਮਸ ਨੇੜੇ ਤੌਰ ਤੇ ਸੰਬੰਧਤ ਹੈ ਅਤੇ ਇਸ ਵਿੱਚ ਮਨ੍ਹਾਂ ਕਰਨ ਵਾਲੇ (Inhibitory) ਤੇ **ਉਤਸ਼ਾਹਿਤ ਕਰਨ ਵਾਲੇ** (Excitatory) ਕੇਂਦਰ ਸਥਿਤ ਹਨ। **ਇਨਹਿਬਟਰੀ ਕੇਂਦਰਾਂ** (Inhibitory Centre) ਨੂੰ ਹਟਾਉਣ ਜਾਂ ਤਬਾਹੀ ਕਰਨ ਨਾਲ ਬਹੁਤ ਜ਼ਿਆਦਾ ਖਾਣ ਦੀ ਆਦਤ ਪੈਦਾ ਹੋ ਜਾਂਦੀ ਹੈ ਜਦੋਂ ਕਿ ਇਸ ਦੀ ਜ਼ਿਆਦਾ ਉਤੇਜਨਾ ਹੋਣ ਨਾਲ ਪ੍ਰਾਣੀ ਦੀ ਭੁੱਖ ਖਤਮ ਹੋ ਜਾਂਦੀ ਹੈ। **ਐਕਸਾਈਟੇਟਰੀ ਕੇਂਦਰ** (Excitatory Centre) ਵਿੱਚ ਬਿਲਕੁਲ ਇਸ ਦੇ ਉਲਟ ਹੁੰਦਾ ਹੈ। ਖੋਜਾਂ ਇਹ ਵੀ ਦੱਸਦੀਆਂ ਹਨ ਕਿ ਦਿਮਾਗ ਦੇ ਦੂਜੇ ਹਿੱਸੇ ਅਤੇ ਹੋਰ ਪ੍ਰਕ੍ਰਿਆਵਾਂ ਵਿੱਚ ਖਾਣ ਸੰਬੰਧੀ ਵਿਵਹਾਰ ਵੀ ਸ਼ਾਮਲ ਹੋ ਸਕਦੇ ਹਨ। ਉਦਾਹਰਣ ਦੇ ਤੌਰ ਤੇ ਸਾਧਾਰਣ ਭਾਰ ਵਾਲੇ ਵਿਅਕਤੀ ਹਰ ਰੋਜ਼ ਆਪਣੇ ਭਾਰ ਨੂੰ ਬਣਾਈ ਰੱਖਣ ਲਈ ਠੀਕ ਮਾਤਰਾ ਵਿੱਚ ਭੋਜਨ ਲੈਂਦੇ ਹਨ ਜਦ ਕਿ ਕਈ ਲੋਕ ਆਪਣੇ ਹਰ ਰੋਜ਼ ਖਾਣੇ ਦੀ ਕਿਸਮ ਅਤੇ ਮਾਤਰਾ ਬਦਲਦੇ ਰਹਿੰਦੇ ਹਨ।

ਭੁੱਖ ਪ੍ਰਯੋਜਨ ਵਿੱਚ ਕਈ ਸਮਾਜਿਕ ਕਾਰਕ ਵੀ ਸ਼ਾਮਲ ਹੁੰਦੇ ਹਨ। ਵਿਅਕਤੀ ਆਪਣੇ ਜੀਉਣ ਲਈ ਭੋਜਨ ਖਾਂਦਾ ਹੈ। ਭਾਵੇਂ ਆਦਮੀ ਜੀਉਣ ਲਈ ਜ਼ਰੂਰ ਖਾਂਦਾ ਹੈ : ਪਰੰਤੂ ਭੁੱਖ ਵੇਲੇ ਵਿਅਕਤੀ ਕਿਸ ਪ੍ਰਕਾਰ ਦਾ ਵਿਵਹਾਰ ਪ੍ਰਗਟ ਕਰਦਾ ਹੈ ਜਿਸ ਵਿੱਚ ਸਿੱਖੇ ਹੋਏ ਕਾਰਕ ਜ਼ਰੂਰੀ ਭੂਮਿਕਾ ਨਿਭਾਉਂਦੇ ਹਨ। ਉਦਾਹਰਣ ਵੱਜੋਂ ਸਾਡੀ ਵਿਸ਼ੇਸ਼ ਭੋਜਨ ਦੀ ਤਰਜੀਹ ਉਸ ਸਭਿਆਚਾਰ ਦੀ ਕ੍ਰਿਆ ਹੈ ਜਿਸ ਵਿੱਚ ਅਸੀਂ ਰਹਿੰਦੇ ਹਨ। ਧਾਰਮਿਕ ਵਿਸ਼ਵਾਸ ਵੀ ਪ੍ਰਯੋਜਨਾ ਦੀ ਪੂਰਤੀ ਲਈ ਢੁੱਕਵੇਂ ਵਾਤਾਵਰਣੀ ਕਾਰਕਾਂ ਦੀ ਸੀਮਾ ਸੂਚੀ ਦੁਆਰਾ ਪ੍ਰੇਰਿਤ ਵਿਵਹਾਰ ਨੂੰ ਪ੍ਰਭਾਵਿਤ ਕਰਦੇ ਹਨ। ਉਦਾਹਰਣ ਦੇ ਤੌਰ ਤੇ ਇਕ ਹਿੰਦੂ ਆਪਣੇ ਧਾਰਮਿਕ ਵਿਸ਼ਵਾਸ ਕਰਕੇ ਕਿਸੇ ਵੀ ਹਾਲਤ ਵਿੱਚ ਮੀਟ ਨਹੀਂ ਖਾਏਗਾ ਅਤੇ ਮੁਸਲਮਾਨ ਆਪਣੇ ਭੋਜਨ ਵਿੱਚ ਸੂਅਰ ਦਾ ਮਾਸ ਕਦੇ ਵੀ ਸ਼ਾਮਲ ਨਹੀਂ ਕਰਦੇ। ਕਈ ਕੇਸਾਂ ਵਿੱਚ ਸਿੱਖਿਅਤ ਪ੍ਰਯੋਜਨ ਜਾਂ ਵਿਵਹਾਰ ਦੇ ਸਿੱਖੇ ਢੰਗ ਸ਼ਰੀਰ ਦੀਆਂ ਜੀਵ ਵਿਗਿਆਨਕ ਲੋੜਾਂ ਉੱਪਰ ਪੂਰੀ ਤਰ੍ਹਾਂ ਪਹਿਲ ਲੈ ਲੈਂਦੇ ਹਨ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਮਨੁੱਖਾਂ ਵਿੱਚ ਭੁੱਖ ਅੰਤਰ-ਪ੍ਰੇਰਨਾ ਵੱਖ-ਵੱਖ ਸਿੱਖੇ ਹੋਏ ਜਾਂ ਸਮਾਜਿਕ ਕਾਰਕਾਂ ਦੇ ਪ੍ਰਭਾਵ ਹੇਠਾਂ ਆਉਂਦੀ ਹੈ। ਅਸੀਂ ਜੋ ਕੁੱਝ ਵੀ ਖਾਂਦੇ ਹਾਂ ਉਸੇ ਬਾਰੇ ਫਸਾਦੀ ਬਣ ਜਾਂਦੇ ਹਾਂ ਕਿ ਇਸ ਭੋਜਨ ਨੂੰ ਕਿਸੇ ਤਰੀਕੇ ਨਾਲ, ਕੇਵਲ ਆਕਰਸ਼ਕ ਸਾਫ਼ ਸੁਥਰੀ ਥਾਂ ਤੇ ਖਾਣਾ ਚਾਹੁੰਦੇ ਹਾਂ, ਜਦੋਂ ਕਿ ਭੋਜਨ ਦੀ ਸਰੀਰਕ ਲੋੜ ਕਿਸੇ ਵੀ ਵਾਤਾਵਰਣ ਵਿੱਚ ਸੰਤੁਸ਼ਟ ਕੀਤੀ ਜਾ ਸਕਦੀ ਹੈ। ਅਸੀਂ ਕੁੱਝ ਖਾਸ ਲੋਕਾਂ ਨਾਲ ਹੀ ਭੋਜਨ ਖਾਣਾ ਚਾਹੁੰਦੇ ਹਾਂ ਜਦੋਂ ਕਿ ਇਸ ਦਾ ਭੁੱਖ ਨਾਲ ਕੋਈ ਸਿੱਧਾ ਸੰਬੰਧ ਨਹੀਂ ਹੁੰਦਾ।

**(2) ਪਿਆਸ** (Thirst)

ਭੁੱਖ ਦੀ ਤਰ੍ਹਾਂ ਪਿਆਸ ਵੀ ਜਾਨਵਰਾਂ ਅਤੇ ਮਨੁੱਖਾਂ ਵਿੱਚ ਇਕ ਅੰਤਰ ਪ੍ਰੇਰਣਾ ਪ੍ਰਦਾਨ ਕਰਦੀ ਹੈ। ਇਹ ਸਭ ਜਾਣਦੇ ਹਨ ਕਿ ਜਦੋਂ ਅਸੀਂ ਪਿਆਸੇ ਹੁੰਦੇ ਹਾਂ ਤਾਂ ਮੂੰਹ ਅਤੇ ਗਲਾ ਬਹੁਤ ਸੁੱਕਿਆ ਅਤੇ ਰੁੱਖਾ ਮਹਿਸੂਸ ਹੁੰਦਾ ਹੈ। ਪਰੰਤੂ ਇਹ ਸਪੱਸ਼ਟ ਹੈ ਕਿ ਪਿਆਸ ਨਾਲ ਸੰਬੰਧਿਤ ਆਮ ਸੰਵੇਦਨਾਵਾਂ ਕੇਵਲ ਮੂੰਹ ਅਤੇ ਗਲੇ ਦੇ ਸੁੱਕਣ ਤੋਂ ਹੀ ਪੈਦਾ ਨਹੀਂ ਹੁੰਦੀਆਂ ਕਿਉਂਕਿ ਜਦੋਂ ਅਸੀਂ ਪਿਆਸੇ ਹੁੰਦੇ ਤਾਂ ਲਗਾਤਾਰ ਪਾਣੀ ਪੀਂਦੇ ਹਾਂ ਭਾਵੇਂ ਮੂੰਹ ਅਤੇ ਗਲ ਦੇ ਤੰਦ ਪਾਣੀ ਨਾਲ ਤਰ ਹੋਣ।

ਪਿਆਸ ਦਾ ਸਰੀਰਕ ਆਧਾਰ ਜਾਲੀਦਾਰ ਪਾਣੀ ਖਤਮ ਕਰਨ ਦੀ ਕ੍ਰਿਆ ਹੈ ਜੋ ਪਿਟਊਟਰੀ ਹਾਰਮੋਨ ਦੇ ਰਸ ਨੂੰ ਉਤੇਜਿਤ ਕਰਦੀ ਹੈ ਜਿਸ ਦਾ ਪਾਣੀ ਦੀ ਖਪਤ ਨਾਲ ਸੰਬੰਧਿਤ ਇਕ ਨਿਯਮਿਤ ਕਾਰਜ ਹੋ ਸਕਦਾ ਹੈ। ਇਹ ਵੀ ਦੇਖਿਆ ਗਿਆ ਹੈ ਕਿ ਪਿਆਸ ਅੰਤਰ-ਪ੍ਰੇਰਣਾ ਦਿਮਾਗ ਦੇ ਇਕ ਵਿਸ਼ੇਸ਼ ਹਿੱਸੇ ਦੁਆਰਾ ਆਂਸ਼ਿਕ ਤੌਰ ਤੇ ਨਿਯਮਿਤ ਕੀਤੀ ਜਾਂਦੀ ਹੈ। ਪਿਆਸ ਨਾਲ ਸੰਬੰਧਿਤ ਕੇਂਦਰ ਪੂਰਣ ਵਰਤੀ ਹਾਈਪੋਥੈਲਮਸ ਦੇ ਖੇਤਰ ਵਿੱਚ ਸਥਿਤ ਹੁੰਦਾ ਹੈ।

ਭੁੱਖ ਦੀ ਤਰ੍ਹਾਂ ਪਿਆਸ ਅੰਤਰ-ਪ੍ਰੇਰਣਾ ਨੂੰ ਵੀ ਕਈ ਸਮਾਜਿਕ ਕਾਰਕਾਂ ਦੁਆਰਾ ਬਦਲਿਆ ਜਾ ਸਕਦਾ ਹੈ। ਆਪਣੀ ਪਿਆਸ ਮਿਟਾਉਣ ਲਈ ਅਸੀਂ ਕੁੱਝ ਤਰਲ ਪਦਾਰਥ ਪੀਣਾ ਸਿੱਖ ਜਾਂਦੇ ਹਾਂ ਅਤੇ ਕਈ ਹਾਲਤਾਂ ਵਿੱਚ ਜੋ ਕੁੱਝ ਅਸੀਂ ਪੀਂਦੇ ਹਾਂ ਕਿਸੇ ਵੀ ਤਰੀਕੇ ਨਾਲ ਪਿਆਸ ਅੰਤਰ ਪ੍ਰੇਰਣਾ ਦੀ ਸੰਤੁਸ਼ਟੀ ਨਾਲ ਪ੍ਰਤੱਖ ਰੂਪ ਵਿੱਚ ਸੰਬੰਧਿਤ ਨਹੀਂ ਹੁੰਦਾ। ਅਸੀਂ ਸਭ ਜਾਣਦੇ ਹਾਂ ਕਿ ਫ੍ਰਾਂਸ ਦੇ ਲੋਕ ਸ਼ਰਾਬ ਦੀ ਜ਼ਿਆਦਾ ਮਾਤਰਾ ਲੈਂਦੇ ਹਨ। ਇਹ ਫ੍ਰਾਂਸ ਦੀ ਸਭਿਆਚਾਰਕ ਵਿਰਾਸਤ ਦਾ ਇਕ ਹਿੱਸਾ ਹੈ ਕਿ ਸਾਦੇ ਪਾਣੀ ਦੀ ਥਾਂ ਸ਼ਰਾਬ ਨੂੰ ਤਰਜੀਹ ਦਿੱਤੀ ਜਾਂਦੀ ਹੈ, ਕਈ ਵਾਰ ਵਿਅਕਤੀ ਉਸ ਵੇਲੇ ਵੀ ਕੁੱਝ ਨਾ ਕੁੱਝ ਪੀਂਦੇ ਹਨ ਜਦੋਂ ਉਹ ਬਿਲਕੁਲ ਪਿਆਸੇ ਨਹੀਂ ਹੁੰਦੇ। ਕਈ ਕੇਸਾਂ ਵਿੱਚ ਉਹ ਸਮਾਜਿਕ ਕਾਰਨਾਂ ਕਰਕੇ ਪੀਂਦੇ ਹਨ। ਭੁੱਖ ਪ੍ਰਯੋਜਨ ਦੀ ਤਰ੍ਹਾਂ ਸ਼ਰਾਬ ਵੀ ਵਿਸ਼ੇਸ਼ ਆਦਮੀਆਂ ਨਾਲ ਵਿਸ਼ੇਸ਼ ਮੌਕਿਆਂ ਤੇ ਪੀਤੀ ਜਾਂਦੀ ਹੈ।

**(3) ਲਿੰਗ** (Sex)

ਤੀਜਾ ਮਹੱਤਵਪੂਰਨ ਸਰੀਰਕ ਪ੍ਰਯੋਜਨ ਲਿੰਗ ਹੈ। ਕਿਸ਼ੋਰ ਅਵਸਥਾ ਦੌਰਾਨ ਲਿੰਗ ਮੂਲ ਪ੍ਰਵਿਤੀ ਪ੍ਰਪੱਕ ਹੋ ਜਾਂਦੀ ਹੈ। ਜਦੋਂ ਵਿਰੋਧੀ ਲਿੰਗ ਦੇ ਮੈਂਬਰਾਂ ਵਿੱਚ ਰੁਚੀ ਦੇਖਣਯੋਗ ਵਾਧਾ ਹੁੰਦਾ ਹੈ। ਇਸ ਰੁਚੀ ਦਾ ਸਰੀਰਕ ਆਧਾਰ ਉਨ੍ਹਾਂ ਲਿੰਗੀ ਹਾਰਮੋਨਜ਼ ਵਿੱਚ ਹੈ।

ਜੋ ਗਲੈਂਡ ਦੁਆਰਾ ਉਤਪੰਨ ਕੀਤੇ ਜਾਂਦੇ ਹਨ। ਔਰਤਾਂ ਵਿੱਚ ਅੰਡਕੋਸ਼ ਇਸਤਰੀ ਹਾਰਮੋਨ (Estrogens) ਪੈਦਾ ਕਰਦਾ ਹੈ ਅਤੇ ਪੁਰਸ਼ਾਂ ਵਿੱਚ ਪਤਾਲੂ (testis) ਐਂਡਰੋਜੈਨ (Androgens) ਨਾਂ ਦਾ ਹਾਰਮੋਨ ਪੈਦਾ ਕਰਦੀਆਂ ਹਨ। ਕਿਸ਼ੋਰ ਅਵਸਥਾ ਦੇ ਚੜ੍ਹਦੀ ਜਵਾਨੀ ਦੇ ਸਮੇਂ ਵਿੱਚ ਗਲੈਂਡ ਉਤਪੰਨ ਹੋਣੇ ਸ਼ੁਰੂ ਹੋ ਜਾਂਦੇ ਹਨ। ਪੁਰਸ਼ਾਂ ਅਤੇ ਔਰਤਾਂ ਦੀ ਲਿੰਗਿਕ ਤੌਰ ਤੇ ਪ੍ਰਪੱਕ ਹੋਣ ਦੀ ਔਸਤ ਉਮਰ ਵਿੱਚ ਫ਼ਰਕ ਹੈ। ਕੁੜੀਆਂ ਮੁੰਡਿਆਂ ਤੋਂ ਦੋ ਜਾਂ ਤਿੰਨ ਸਾਲ ਪਹਿਲਾਂ ਪ੍ਰਪੱਕ ਹੋ ਜਾਂਦੀਆਂ ਹਨ। ਲਿੰਗਿਕ ਵਿਵਹਾਰ ਨੂੰ ਮੁੱਖ ਰੂਪ ਨਾਲ ਗੋਨੈਂਡਲ ਹਾਰਮੋਨ ਦੁਆਰਾ ਨਿਯੰਤਰਿਤ ਹੁੰਦਾ ਹੈ ਜਿਸ ਦੀ ਖੋਜ ਐਂਡੋਕ੍ਰੀਨੋਲੋਜੀ ਵਿਧੀ ਦੁਆਰਾ ਹੋਈ ਹੈ। ਭੁੱਖ ਅਤੇ ਪਿਆਸ ਅੰਤਰ ਪ੍ਰੇਰਣਾ ਦੀ ਤਰ੍ਹਾਂ ਇਹ ਸਪੱਸ਼ਟ ਹੈ ਕਿ ਮਨੁੱਖਾਂ ਨੂੰ ਕੇਵਲ ਜੀਵ ਵਿਗਿਆਨ ਸੰਬੰਧੀ ਲੋੜਾਂ ਦੀ ਪੂਰਤੀ ਲਈ ਹੀ ਨਹੀਂ ਪਰੰਤੂ ਦੂਸਰੀਆਂ ਲੋੜਾਂ ਦੀ ਪੂਰਤੀ ਲਈ ਵੀ ਜੀਵਨ ਸਾਥੀ ਦੀ ਜ਼ਰੂਰਤ ਹੁੰਦੀ ਹੈ। ਇਹ ਵੀ ਜ਼ਾਹਿਰ ਹੈ ਕਿ ਮਨੁੱਖ ਵਿੱਚ ਲਿੰਗਿਕ ਵਿਵਹਾਰ ਜ਼ਿਆਦਾ ਸਮਾਜਿਕ ਸਿੱਖਿਆ ਦੁਆਰਾ ਹੀ ਨਿਰਧਾਰਿਤ ਹੁੰਦਾ ਹੈ।

**ਦੂਸਰੇ ਸਰੀਰਕ ਪ੍ਰਯੋਜਨ** (Other Physiological Motives)

(4) **ਨੀਂਦ** (Sleep)

ਨੀਂਦ ਵੀ ਸਰੀਰ ਦੀ ਮਹੱਤਵਪੂਰਨ ਲੋੜ ਹੈ ਜਿਸ ਨੂੰ ਸਮੇਂ-ਸਮੇਂ ਮੁਤਾਬਕ ਪੂਰਾ ਕਰਨਾ ਚਾਹੀਦਾ ਹੈ। ਦੂਸਰੇ ਸਰੀਰਕ ਪ੍ਰਯੋਜਨਾਂ ਦੀ ਤਰ੍ਹਾਂ ਇਸ ਵਿੱਚ ਵੀ ਜੀਵ ਸੰਬੰਧੀ ਤੇ ਸਿੱਖਿਅਕ ਕਾਰਕ ਸ਼ਾਮਲ ਹੁੰਦੇ ਹਨ। ਨੀਂਦ ਦੇ ਸਰੀਰਕ ਆਧਾਰ ਦਾ ਠੀਕ ਅਤੇ ਢੁੱਕਵਾਂ ਸਰੂਪ ਅਜੇ ਤੱਕ ਨਿਰਧਾਰਿਤ ਨਹੀਂ ਹੋਇਆ। ਕੁੱਝ ਸੋਚਦੇ ਹਨ ਕਿ ਖ਼ੂਨ ਵਿੱਚ ਰਸਾਇਣੀ ਤਬਦੀਲੀਆਂ ਥਕਾਨ ਲਈ ਜ਼ਿੰਮੇਵਾਰ ਹਨ। ਆਧੁਨਿਕ ਖੋਜਾਂ ਤੋਂ ਇਹ ਪਤਾ ਲੱਗਾ ਹੈ ਕਿ ਨੀਂਦ ਦਿਮਾਗ ਵਿੱਚ ਰੈਟੀਕੂਲਰ ਬਣਤਰ ਦੁਆਰਾ ਨਿਯਮਿਤ ਹੁੰਦੀ ਹੈ। ਰੈਟੀਕੂਲਰ ਬਣਤਰ ਦੇ ਇਕ ਹਿੱਸੇ ਵਿੱਚ ਤੀਬਰ ਉਤੇਜਨਾ ਇਕ ਦਮ ਨੀਂਦ ਲਿਆਉਂਦੀ ਹੈ। ਨੀਂਦ ਪ੍ਰੇਰਣਾ ਵਿੱਚ ਸਿੱਖਿਅਤ ਕਾਰਕ ਵੀ ਮਹੱਤਵਪੂਰਨ ਹਨ। ਅਸੀਂ ਸੋਚ ਸਕਦੇ ਹਾਂ ਕਿ ਹਰ ਦਿਨ ਇਕ ਲੰਬੇ ਸਮੇਂ ਲਈ ਸੋਣਾਂ ਸਾਡੇ ਲਈ ਇਕ ਕੁਦਰਤੀ ਸਰੀਰਕ ਪ੍ਰਕਰਣ ਹੈ ਪਰੰਤੂ ਸਪੱਸ਼ਟ ਰੂਪ ਵਿੱਚ ਜਿਸ ਤਰ੍ਹਾਂ ਅਸੀਂ ਨੀਂਦ ਲੋੜ ਦੀ ਪੂਰਤੀ ਕਰਦੇ ਹਾਂ ਉਹ ਮੂਲ ਰੂਪ ਵਿੱਚ ਸਾਡੇ ਸਭਿਆਚਾਰ ਦੁਆਰਾ ਨਿਰਧਾਰਿਤ ਹੁੰਦੀ ਹੈ।

(5) **ਤਾਪਮਾਨ ਨਿਯਮਿਤਤਾ** (Temperature Regulation)

ਤਾਪਮਾਨ ਦੀ ਨਿਯਮਤਤਾ ਜਾਂ ਜ਼ਿਆਦਾ ਗਰਮੀ ਤੇ ਸਰਦੀ ਤੋਂ ਬਚਾਉ ਇਕ ਬਹੁਤ ਮਹੱਤਵਪੂਰਨ ਸਰੀਰਕ ਪ੍ਰਯੋਜਨ ਹੈ। ਸਰੀਰ ਦੀ ਸਤਹ ਤੇ ਠੰਢ ਅਤੇ ਨਿੱਘਾਪਨ ਦੇ ਰਿਸੈਪਟਰ ਫੈਲੇ ਹੋਏ ਹੁੰਦੇ ਹਨ। ਇਹਨਾਂ ਰਿਸੈਪਟਰਾਂ ਦੇ ਦੁਆਲੇ ਜਦੋਜ ਤਾਪਮਾਨ ਵੱਧ ਜਾਂਦਾ ਹੈ ਤਾਂ ਦਿਮਾਗ ਤੱਕ ਆਵੇਗ ਪਹੁੰਚ ਜਾਂਦੇ ਹਨ ਅਤੇ ਬੇਅਰਾਮੀ ਖਤਮ ਕਰਨ ਲਈ ਕ੍ਰਿਆ ਸ਼ੁਰੂ ਹੋ ਜਾਂਦੀ ਹੈ।

ਸਰੀਰ ਆਪਣੇ ਆਪ ਵੀ ਹਾਈਪੋਥੈਲੇਮਸ ਵਿੱਚ ਸਥਿਤ ਇਕ ਕੇਂਦਰ ਦੁਆਰਾ ਤਾਪਮਾਨ ਨੂੰ ਠੀਕ ਪੱਧਰ ਤੇ ਰੱਖਣ ਦੀ ਕੋਸ਼ਿਸ਼ ਕਰਦਾ ਹੈ। ਇਹ ਕੇਂਦਰ ਤਾਪਮਾਨ ਨਿਯਮਤਤਾ ਨਾਲ ਸਿੱਧੇ ਰੂਪ ਵਿੱਚ ਸੰਬੰਧਿਤ ਹੈ। ਸਰੀਰ ਵਿਗਿਆਨੀਆਂ ਦਾ ਵਿਸ਼ਵਾਸ ਹੈ ਕਿ ਇਸ ਕੇਂਦਰ ਦੁਆਰਾ ਸੰਚਾਰਿਤ ਖ਼ੂਨ ਦਾ ਤਾਪਮਾਨ ਸਰੀਰਕ ਤਾਪਮਾਨ ਨਿਯਮਿਤ ਕਰਨ ਲਈ ਆਂਸ਼ਿਕ ਤੌਰ ਤੇ ਜ਼ਿੰਮੇਵਾਰ ਹੈ।

(6) **ਦਰਦ ਪਰਹੇਜ਼** (Pain Avoidance)

ਮਨੁੱਖਾਂ ਲਈ ਦਰਦ ਪਰਹੇਜ਼ ਦੀ ਅੰਤਰ ਪ੍ਰੇਰਣਾ ਪ੍ਰਮੁੱਖ ਪ੍ਰੇਰਣਾਵਾਂ ਵਿਚੋਂ ਇਕ ਹੈ : ਦਰਦ ਨੂੰ ਘੱਟ ਕਰਨਾ ਅਤੇ ਪੀੜਾ ਨੂੰ ਘੱਟ ਕਰਨ ਦੀ ਇੱਛਾ ਹਰ ਵਿਅਕਤੀ ਵਿੱਚ ਹੁੰਦੀ ਹੈ। ਦੂਸਰੇ ਸਰੀਰਕ ਅੰਤਰ ਪ੍ਰੇਰਕਾਂ ਦੀ ਤਰ੍ਹਾਂ ਇਸ ਵਿੱਚ ਵੀ ਅੰਗਿਕ ਅਤੇ ਸਿੱਖਿਅਤ ਕਾਰਕ, ਹਿੱਸਾ ਪਾਉਂਦੇ ਹਨ। ਜਨਮ ਸਮੇਂ ਬੱਚੇ ਪੀੜਾ ਅਨੁਭਵ ਕਰਦੇ ਹਨ ਪਰੰਤੂ ਉਹ ਤਜ਼ਰਬਿਆਂ ਰਾਹੀਂ ਦਰਦ ਜਾਂ ਪੀੜਾ ਦੇ ਸੋਮਿਆਂ ਬਾਰੇ ਸਿੱਖ ਜਾਂਦੇ ਹਨ। ਦਰਦਨਾਇਕ ਤਜ਼ਰਬੇ ਕਾਫੀ ਹੱਦ ਤੱਕ ਅੰਤਰਮੁੱਖੀ ਹੁੰਦੇ ਹਨ।

(7) **ਨਿਕਾਸ** (Elimination)

ਅੰਤੜੀਆਂ ਅਤੇ ਪਿਸ਼ਾਬ ਦੀ ਥੈਲੀ ਵਿੱਚ ਫਾਲਤੂ ਉਪਜ ਇਹਨਾਂ ਦੋਵੇਂ ਹਿੱਸਿਆਂ ਵਿੱਚ ਦਬਾਓ ਪੈਦਾ ਕਰਦੀ ਹੈ। ਸਪੱਸ਼ਟ ਤੌਰ ਤੇ ਨਿਕਾਸ ਦੀ ਸਰੀਰਕ ਅੰਤਰ ਪ੍ਰੇਰਣਾ ਦਾ ਅੰਗਿਕ ਆਧਾਰ ਇਹ ਦਬਾਓ ਹੀ ਹੈ। ਜਿਵੇਂ-ਜਿਵੇਂ ਵਿਅਕਤੀ ਬਚਪਨ ਤੋਂ ਬਾਲਗਪੁਣੇ ਤੱਕ ਵਿਕਸਿਤ ਹੁੰਦਾ ਹੈ ਉਸ ਦੀ ਨਿਕਾਸ ਪ੍ਰਕ੍ਰਿਆ ਵਿੱਚ ਕਈ ਮਹੱਤਵਪੂਰਨ ਤਬਦੀਲੀਆਂ ਹੁੰਦੀਆਂ ਹਨ। ਸ਼ਿਸ਼ੂ ਬੱਚਾ ਉਨ੍ਹਾਂ ਨਸਾਂ ਨੂੰ ਦਿਮਾਗੀ ਤੌਰ ਤੇ ਕੰਟਰੋਲ ਕਰਨ ਦੇ ਅਯੋਗ ਹੁੰਦਾ ਹੈ ਜੋ ਅੰਤੜੀਆਂ ਨੂੰ ਖਾਲੀ ਕਰਨ ਲਈ ਜ਼ਿੰਮੇਵਾਰ ਹੁੰਦੀਆਂ ਹਨ। ਜਿਵੇਂ ਤੰਤੂ ਪ੍ਰਣਾਲੀ ਪ੍ਰਪੱਕ ਹੁੰਦੀ ਹੈ ਬੱਚੇ ਵਿੱਚ ਹੌਲੀ-ਹੌਲੀ ਇਸ ਪ੍ਰਕ੍ਰਿਆ ਨੂੰ ਕੰਟਰੋਲ ਕਰਨ ਦੀ ਯੋਗਤਾ ਵਿਕਸਿਤ ਹੋ ਜਾਂਦੀ ਹੈ। ਉਹ ਸਿੱਖ ਜਾਂਦਾ ਹੈ ਕਿ ਇਹ ਕਾਰਜ ਕੁੱਝ ਮਨਜ਼ੂਰਸ਼ੁਦਾ ਥਾਵਾਂ ਤੇ ਹੀ ਹੁੰਦੇ ਹਨ ਅਤੇ ਉਹ ਨਿਕਾਸ ਸੰਬੰਧੀ ਕੁੱਝ ਰਵੱਈਆ ਵੀ ਸਿੱਖ ਜਾਂਦਾ ਹੈ। ਇਹ ਰਵੱਈਆ ਵਿਸ਼ੇਸ਼ ਪਰਿਵਾਰ ਦੇ ਅਨੁਸਾਰ ਅਤੇ ਇਸ ਪ੍ਰਕ੍ਰਿਆ ਪ੍ਰਤੀ ਪਰਿਵਾਰ ਦੇ ਮੈਂਬਰਾਂ ਦੇ ਰਵੱਈਏ ਅਨੁਸਾਰ ਬਦਲਦਾ ਰਹਿੰਦਾ

ਹੈ।

**(8) ਸਾਹ ਲੈਣ ਦੀ ਪ੍ਰਕ੍ਰਿਆ** (Respiration)

ਕੁੱਝ ਹਾਲਤਾਂ ਵਿੱਚ ਆਕਸੀਜਨ ਦੀ ਲੋੜ ਸਰੀਰਕ ਪ੍ਰਯੋਜਨਾਂ ਵਿੱਚ ਸਭ ਤੋਂ ਜ਼ਿਆਦਾ ਹੋ ਸਕਦੀ ਹੈ। ਆਮ ਤੌਰ ਤੇ ਅਸੀਂ ਇਹ ਪ੍ਰਯੋਜਨ ਤੋਂ ਬਿਲਕੁਲ ਅਣਜਾਣ ਹੁੰਦੇ ਹਾਂ ਕਿਉਂਕਿ ਇਹ ਆਪਣੇ ਆਪ ਲਗਾਤਾਰ ਪੂਰਾ ਹੁੰਦਾ ਰਹਿੰਦਾ ਹੈ। ਜੇਕਰ ਕੋਈ ਚੀਜ਼ ਸਾਡੀ ਸਾਹ ਲੈਣ ਦੀ ਕ੍ਰਿਆ ਵਿੱਚ ਦਖਲ ਦਿੰਦੀ ਹੈ ਤਾਂ ਇਸ ਪ੍ਰਯੋਜਨ ਦੀ ਜ਼ਰੂਰਤ ਉਸੇ ਸਮੇਂ ਸਪੱਸ਼ਟ ਹੋ ਜਾਂਦੀ ਹੈ।

ਸਰੀਰ ਕੁੱਝ ਬੇਹੱਦ ਥੋੜੇ ਸਮੇਂ ਤੋਂ ਬਿਨ੍ਹਾਂ ਆਕਸੀਜਨ ਤੋਂ ਵਾਂਝਿਆ ਨਹੀਂ ਰਹਿ ਸਕਦਾ, ਕਿਉਂਕਿ ਇਸ ਦਾ ਨਤੀਜਾ ਜਾਂ ਤਾਂ ਮੌਤ ਹੁੰਦਾ ਹੈ ਜਾਂ ਕੁੱਝ ਗੰਭੀਰ ਅੰਗੀ ਵਿਕਾਰ/ਦਿਮਾਗ ਵਿੱਚ ਸਥਿਤ ਨਾੜੀ ਤੰਤੂ ਆਕਸੀਜਨ ਪ੍ਰਤੀ ਬਹੁਤ ਸੰਵੇਦਨਸ਼ੀਲ ਹੁੰਦੇ ਹਨ ਅਤੇ ਜਦੋਂ ਥੋੜੇ ਸਮੇਂ ਲਈ ਹੀ ਆਕਸੀਜਨ ਤੋਂ ਵੰਚਿਤ ਹੋ ਜਾਂਦੇ ਹਨ, ਇਹਨਾਂ ਸੈਲਾਂ ਵਿੱਚ ਗੰਭੀਰ ਖਰਾਬੀ ਹੋ ਜਾਂਦੀ ਹੈ। ਸੈਥਿਰ ਦਿਮਾਗੀ ਵਿਕਾਰ ਘਾਤਕ ਗਲ ਘੋਟੂ ਸਿੱਟੇ ਵੱਜੋਂ ਹੋ ਸਕਦਾ ਹੈ।

ਇਸ ਲਈ ਇਹ ਕਿਹਾ ਜਾ ਸਕਦਾ ਹੈ ਕਿ ਸਰੀਰਕ ਪ੍ਰਯੋਜਨ ਮੁੱਢਲੀਆਂ ਰਚਨਾਤਮਕ ਅਤੇ ਕੁਦਰਤੀ ਅਤੇ ਜਮਾਂਦਰੂ ਲੋੜਾਂ ਹਨ ਜਿਵੇਂ ਕਿ ਭੁੱਖ, ਪਿਆਸੋ, ਲਿੰਗ, ਆਰਾਮ, ਨੀਂਦ, ਸਾਹ ਲੈਣਾ, ਨਿਕਾਸ ਆਦਿ ਦੀ ਪੂਰਤੀ ਦੀ ਲੋੜ। ਇਹਨਾਂ ਨੂੰ ਆਦਮੀਆਂ ਦੀਆਂ ਮੁੱਢਲੀਆਂ ਲੋੜਾਂ ਵੀ ਕਿਹਾ ਜਾਂਦਾ ਹੈ।

**2.3.4.2 ਸਮਾਜਿਕ ਪ੍ਰਯੋਜਨ (Social Motives) :**

ਸਮਾਜਿਕ ਪ੍ਰਯੋਜਨ ਅੰਦਰੂਨੀ ਅਵਸਥਾਵਾਂ ਹਨ ਜੋ ਵਿਅਕਤੀਆਂ ਨੂੰ ਦੂਸਰੇ ਲੋਕਾਂ ਨਾਲ ਸੰਬੰਧ ਸਥਾਪਿਤ ਕਰਨ ਅਤੇ ਕਾਇਮ ਰੱਖਣ ਲਈ ਆਪਣੇ ਤੇ ਦੂਸਰਿਆਂ ਬਾਰੇ ਭਾਵਨਾਵਾਂ ਸਥਾਪਿਤ ਕਰਨ ਲਈ ਨਿਰਦੇਸ਼ ਦਿੰਦੀਆਂ ਹਨ। ਇਹ ਸਮਾਜਿਕ ਪ੍ਰਯੋਜਨ ਸਿੱਖਿਅਤ ਸਮਾਜਿਕ ਲੋੜਾਂ ਦੇ ਜ਼ੋਰ ਤੋਂ ਪੈਦਾ ਹੁੰਦੇ ਹਨ। ਸਮਾਜਿਕ ਲੋੜ ਇਕ ਉਤੇਜਿਤ ਅਵਸਥਾ ਹੈ ਜਿਸ ਵਿੱਚ ਆਪਣੇ ਬਾਰੇ, ਦੂਸਰਿਆਂ ਬਾਰੇ ਅਤੇ ਸੰਬੰਧਾਂ ਬਾਰੇ ਭਾਵਨਾਵਾਂ ਸ਼ਾਮਲ ਹੁੰਦੀਆਂ ਹਨ। ਲੋਕਾਂ ਦੀ ਪ੍ਰਾਪਤੀ, ਕ੍ਰਮ ਅਤੇ ਪਾਲਣ ਪੋਸ਼ਣ ਦੀਆਂ ਸਮਾਜਿਕ ਲੋੜਾਂ ਹਨ। ਆਪਣੇ ਬਾਰੇ ਉਪਲੱਬਧੀ, ਸੰਬੰਧਤਾਂ ਅਤੇ ਚੰਗੀਆਂ ਭਾਵਨਾਵਾਂ ਦੀਆਂ ਲੋੜਾਂ ਕਈ ਕਾਰਕਾਂ ਦੁਆਰਾ ਪ੍ਰਭਾਵਤ ਹੁੰਦੀਆਂ ਹਨ ਜਿਨ੍ਹਾਂ ਵਿੱਚ ਸਮਾਜਿਕ, ਆਰਥਿਕ ਰੁਤਬਾ, ਜਾਤ ਅਤੇ ਜਨਮ ਤੋਂ ਬਾਅਦ ਦੇ ਅਨੁਭਵ ਸ਼ਾਮਲ ਹਨ।

ਸਮਾਜਿਕ ਪ੍ਰਯੋਜਨ ਉਹ ਸ਼ਕਤੀਆਂ ਹਨ ਜੋ ਮਨੁੱਖੀ ਵਿਵਹਾਰ ਨੂੰ ਦੂਸਰੇ ਲੋਕਾਂ ਨਾਲ ਸੰਬੰਧ ਬਣਾਉਣ ਦੇ ਕੁੱਝ ਖਾਸ ਤਰੀਕੇ ਦੱਸਦੀਆਂ ਹਨ। ਇਹਨਾਂ ਪ੍ਰਯੋਜਨਾਂ ਨੂੰ ਆਮ ਤੌਰ ਤੇ ਪ੍ਰਾਪਤ ਕੀਤੇ ਹੋਏ ਮੰਨਿਆ ਜਾਂਦਾ ਹੈ ਕਿਉਂਕਿ ਸਮਾਜਿਕ ਪ੍ਰਯੋਜਨ ਸਿੱਖਿਅਤ ਹੁੰਦੇ ਹਨ। ਸਰੀਰਕ ਪ੍ਰਯੋਜਨਾਂ ਦੀ ਤਰ੍ਹਾਂ ਇਹਨਾਂ ਦੇ ਸਰੀਰ ਦੀ ਕ੍ਰਿਆ ਵਿੱਚ ਕੋਈ ਅੰਗਿਕ ਆਧਾਰ ਨਹੀਂ ਹੁੰਦਾ ਪਰੰਤੂ ਇਹ ਸਭਿਆਚਾਰਕ ਵਿਰਸੇ ਅਤੇ ਵਿਅਕਤੀਆਂ ਦੇ ਜੀਵਨ ਫਲਸਫੇ ਦੁਆਰਾ ਪ੍ਰਭਾਵਿਤ ਹੁੰਦੇ ਹਨ। ਬਿਨਾਂ ਸ਼ੱਕ ਇਹਨਾਂ ਦੀਆਂ ਜੜ੍ਹਾਂ ਸਰੀਰਕ ਪ੍ਰਯੋਜਨਾਂ ਵਿੱਚ ਹੀ ਹੁੰਦੀਆਂ ਹਨ ਅਤੇ ਬੱਚੇ ਦੀ ਉਮਰ ਦੇ ਵੱਧਣ ਨਾਲ ਹੀ ਹੌਲੀ-ਹੌਲੀ ਉਨ੍ਹਾਂ ਤੋਂ ਪ੍ਰਗਟ ਹੋਣੀਆਂ ਸ਼ੁਰੂ ਹੋ ਜਾਂਦੀਆਂ ਹਨ। ਸਮਾਜਿਕ ਪ੍ਰੋਜਨ ਉਹ ਸੋਮੇ ਹਨ ਜੋ ਮਨੁੱਖਾਂ ਨੂੰ ਆਪਸ ਵਿੱਚ ਜੋੜਦੇ ਹਨ ਅਤੇ ਸਮਾਜਿਕ ਉਨਤੀ ਉਨ੍ਹਾਂ ਦੇ ਢੁੱਕਵੇਂ ਵਿਕਾਸ ਤੇ ਨਿਰਭਰ ਕਰਦੀ ਹੈ।

ਸਮਾਜਿਕ ਪ੍ਰਯੋਜਨਾਂ ਦੀ ਵਿਆਪਕ ਰੂਪ ਵਿੱਚ ਮੰਨਣਯੋਗ ਸੂਚੀ ਕੋਈ ਨਹੀਂ ਹੈ। ਮੁਰੇ (1938) ਨੇ ਮਨੁੱਖੀ ਲੋੜਾਂ ਦੀ ਇਕ ਸੂਚੀ ਦਿੱਤੀ ਜੋ ਸਮਾਜਿਕ ਪ੍ਰਯੋਜਨਾਂ ਦਾ ਆਧਾਰ ਬਣੀ ਹੈ। ਇਹ ਸੂਚੀ ਇਸ ਪ੍ਰਕਾਰ ਹੈ : (1) ਪ੍ਰਾਪਤੀ (ਔਖੇ ਕੰਮਾਂ ਨੂੰ ਕਰਨਾ) (2) ਸੰਬੰਧ (ਦੋਸਤਾਂ ਪਾਸੋਂ ਪਿਆਰ ਲੈਣਾ) (3) ਸਵੈਰਾਜ ਨੁਮਾਇਸ਼ (ਦੂਸਰਿਆਂ ਉਪਰ ਪ੍ਰਭਾਵ ਬਣਾਉਣਾ) (4) ਸਮਝ (ਬੌਧਿਕ ਤੌਰ ਤੇ ਪ੍ਰਸ਼ਨ ਪੁਛਣਾ) (5) ਪ੍ਰਧਾਨਤਾ (6) ਕ੍ਰਮ (7) ਖੇਡਣਾ (8) ਪਾਲਣ ਪੋਸ਼ਣ ਤੇ (9) ਰੱਖਿਆ ਅਤੇ ਕਈ ਹੋਰ। ਉਸ ਦਾ ਵਿਸ਼ਵਾਸ ਸੀ ਕਿ ਗੁੰਝਲਦਾਰ ਮਨੁੱਖੀ ਵਿਵਹਾਰ ਨੂੰ ਇਕ ਹੀ ਖਾਸ ਵਿਅਕਤੀ ਵਿੱਚ ਇਹਨਾਂ ਸਮਾਜਿਕ ਪ੍ਰਯੋਜਨਾਂ ਦੀ ਅੰਤਰਕ੍ਰਿਆ ਦੇ ਅਧਿਐਨ ਰਾਹੀਂ ਚੰਗੀ ਤਰ੍ਹਾਂ ਸਮਝਿਆ ਜਾ ਸਕਦਾ ਹੈ। ਕੁੱਝ ਸਮਾਜਿਕ ਪ੍ਰਯੋਜਨ ਅਤੇ ਲੋੜਾਂ ਦਾ ਵੇਰਵਾ ਹੇਠਾਂ ਦਿੱਤਾ ਜਾਂਦਾ ਹੈ।

**ਸਵੈ ਮੁਲਾਂਕਣ ਅਭਿਆਸ**

ਪ੍ਰ.1 ਪ੍ਰੇਰਣਾ ਕੀ ਹੈ? ਪ੍ਰੇਰਿਣ ਵਿਵਹਾਰ ਦੀਆਂ ਵਿਸ਼ੇਸ਼ਤਾਵਾਂ ਦੀ ਵਿਆਖਿਆ ਕਰੋ।

ਪ੍ਰ.2 ਪ੍ਰੋਯਜਨ ਦੀਆਂ ਭਿੰਨ-ਭਿੰਨ ਕਿਸਮਾਂ ਬਾਰੇ ਵਰਨਣ ਕਰੋ।

**2.3.5 ਪ੍ਰਾਪਤੀ ਦੀ ਲੋੜ (Need for Achievement) :**

ਬਹੁਤ ਸਾਰੇ ਮਨੋਵਿਗਿਆਨੀ ਇਹ ਮੰਨਦੇ ਹਨ ਕਿ ਪ੍ਰਾਪਤੀ ਦੀ ਲੋੜ ਕੁੱਝ ਪ੍ਰਮੁੱਖ ਸਮਾਜਿਕ ਪ੍ਰਯੋਜਨਾਂ ਨੂੰ ਜਨਮ ਦਿੰਦੀ ਹੈ। ਕੁੱਝ ਵਿਅਕਤੀ ਅਭਿਲਾਸ਼ਾ ਦੁਆਰਾ ਅਤੇ ਜ਼ਿੰਦਗੀ ਵਿੱਚ ਅੱਗੇ ਵਧਣ ਦੀ ਲੋੜ ਦੁਆਰਾ ਪ੍ਰੇਰਿਤ ਹੁੰਦੇ ਹਨ। ਖੋਜ ਦੱਸਦੀ ਹੈ ਕਿ

ਪ੍ਰਾਪਤੀ ਦੀ ਪ੍ਰੇਰਣਾ ਸਿੱਖਿਅਤ ਹੈ ਅਤੇ ਇਕ ਆਦਮੀ ਦੇ ਬਚਪਨ ਦੇ ਘਰ ਦਾ ਵਾਤਾਵਰਣ ਹੀ ਇਹਨਾਂ ਲੋੜਾਂ ਨੂੰ ਸਥਾਪਿਤ ਕਰਨ ਲਈ ਮਹੱਤਵਪੂਰਨ ਹੈ। ਉੱਚ ਪ੍ਰਾਪਤੀ ਅਤੇ ਨੀਵੀਂ ਪ੍ਰਾਪਤੀ ਵਾਲੇ ਵਿਅਕਤੀ ਕਈ ਵੱਖ-ਵੱਖ ਤਰੀਕਿਆਂ ਰਾਹੀਂ ਕ੍ਰਿਆ ਕਰਦੇ ਹਨ। ਜਦੋਂ ਕੋਈ ਗੁੰਝਲਦਾਰ ਕੰਮ ਦਿੱਤਾ ਜਾਂਦਾ ਹੈ, ਤਾਂ ਉੱਚੀ ਪ੍ਰਾਪਤੀ ਦੀ ਲੋੜ ਵਾਲੇ ਵਿਅਕਤੀ ਉਸ ਕੰਮ ਨੂੰ ਕਰਨ ਲਈ ਨਵੇਂ ਤੇ ਵਧੀਆ ਤਰੀਕੇ ਲੱਭਦੇ ਹਨ ਜਦੋਂ ਕਿ ਨੀਵੀਂ ਪ੍ਰਾਪਤੀ ਦੀ ਲੋੜ ਵਾਲੇ ਵਿਅਕਤੀ ਕੋਈ ਵੀ ਨਵਾਂ ਢੰਗ ਨਹੀਂ ਅਜ਼ਮਾਉਂਦੇ। ਉੱਚ ਪ੍ਰਾਪਤੀ ਦੀ ਲੋੜ ਵਾਲੇ ਹਮੇਸ਼ਾ ਵਧੀਆ ਪ੍ਰਦਰਸ਼ਨ ਅਤੇ ਸ੍ਰੇਸ਼ਠਤਾ ਲਈ ਕੋਸ਼ਿਸ਼ ਕਰਦੇ ਰਹਿੰਦੇ ਹਨ। ਉਹ ਆਪਣੇ ਆਪ ਲਈ ਚੁਣੌਤੀਪੂਰਣ ਉਦੇਸ਼ਾਂ ਨੂੰ ਤਿਆਰ ਕਰਦੇ ਹਨ, ਜਿਹੜੇ ਪ੍ਰਾਪਤ ਕੀਤੇ ਜਾ ਸਕਦੇ ਹਨ।

ਪ੍ਰਾਪਤੀ ਦੀ ਲੋੜ ਇਕ ਸਭਿਆਚਾਰ ਤੋਂ ਦੂਜੇ ਸਭਿਆਚਾਰ ਅਤੇ ਇਕ ਵਿਅਕਤੀ ਤੋਂ ਦੂਜੇ ਵਿਅਕਤੀ ਵਿੱਚ ਬਦਲਦੀ ਰਹਿੰਦੀ ਹੈ। ਮੈਕਲੀਲੈਂਡ ਅਤੇ ਐਟਕਿੰਨਸਨ ਨੇ ਖੋਜ ਕੀਤੀ ਕਿ ਪ੍ਰਾਪਤੀ ਦੀ ਲੋੜ ਉਦਮਕਰਤਾ ਸਥਿਤੀਆਂ ਵਾਲੇ ਵਿਅਕਤੀਆਂ ਵਿੱਚ ਜ਼ਿਆਦਾ ਹੁੰਦੀ ਹੈ ਭਾਵ ਜੋ ਜ਼ਿਆਦਾ ਜ਼ਿੰਮੇਵਾਰੀ ਦੇ ਕੰਮਾਂ ਅਤੇ ਖਤਰਾ ਲੈਣ ਵਾਲਿਆਂ ਵਿੱਚ ਹੁੰਦੀ ਹੈ।

### 2.3.5.1 ਸੰਬੰਧਤਾ ਦੀ ਲੋੜ (Affiliation Need) :

ਸੰਬੰਧਤਾ ਦੀ ਲੋੜ ਨਕਾਰਾਤਮਕ ਤਜਰਬਿਆਂ ਤੋਂ ਪੈਦਾ ਹੁੰਦੀ ਹੈ ਜੋ ਅਸੁਰੱਖਿਅਤਾ ਦੀ ਭਾਵਨਾ ਪੈਦਾ ਕਰਦੇ ਹਨ। ਜਦੋਂ ਸਾਨੂੰ ਧਮਕੀ ਦਿੱਤੀ ਜਾਂਦੀ ਹੈ ਜਾਂ ਅਸੀਂ ਖਤਰੇ ਵਿੱਚ ਹੁੰਦੇ ਹਾਂ ਤਾਂ ਅਸੀਂ ਭਾਵਾਤਮਕ ਸਹਾਰੇ ਲਈ ਦੂਸਰਿਆਂ ਵੱਲ ਤੱਕਦੇ ਹਾਂ। ਇਹ ਜਾਪਦਾ ਹੈ ਕਿ ਵਿਅਕਤੀਆਂ ਵਿੱਚ ਸੰਬੰਧਤਾ ਦੀ ਲੋੜ ਦੇ ਨਿਰਧਾਰਨ ਵਿੱਚ ਕਈ ਕਾਰਨ ਹੁੰਦੇ ਹਨ। ਸਪੱਸ਼ਟ ਹੈ ਕਿ ਇਕੱਠੇ ਰਹਿਣ ਦੇ ਮਨੋਵਿਗਿਆਨਕ ਲਾਭ ਵੀ ਹਨ। ਕੇਵਲ ਦੂਸਰੇ ਲੋਕ ਹੀ ਹੁੰਦੇ ਹਨ ਜੋ ਤੁਹਾਨੂੰ ਉਤਸ਼ਾਹਿਤ ਕਰ ਸਕਦੇ ਹਨ। ਜਦੋਂ ਤੁਸੀਂ ਉਦਾਸ ਹੁੰਦੇ ਹੋ ਜਾਂ ਸੰਕਟ ਦੀ ਘੜੀ ਵੇਲੇ ਤੁਹਾਡਾ ਸਾਥ ਦੇ ਸਕਦੇ ਹਨ ਜਾਂ ਖੁਸ਼ੀ ਸਾਂਝੀ ਕਰ ਸਕਦੇ ਹਨ। ਬਿਨਾਂ ਸ਼ੱਕ ਲੋਕਾਂ ਨੂੰ ਇਕ ਦੂਸਰੇ ਦੀ ਜ਼ਰੂਰਤ ਹੈ ਤਾਂ ਜੋ ਉਹ ਜ਼ਿੰਦਗੀ ਨੂੰ ਵਧੀਆ ਬਣਾ ਸਕਣ।

ਸੰਬੰਧਤਾ ਦੀ ਸਮਾਜਿਕ ਲੋੜ ਦੋਸਤ ਬਣਾਉਣ ਲਈ, ਪ੍ਰਵਾਨਗੀ ਦੀ ਇੱਛਾ, ਦੂਸਰਿਆਂ ਲਈ ਕੰਮ ਕਰਨ ਲਈ, ਕ੍ਰਿਆਵਾਂ ਵਿੱਚ ਭਾਗ ਲੈਣ ਲਈ ਉਤਸ਼ਾਹਿਤ ਕਰਦੀ ਹੈ ਜਿਸ ਨਾਲ ਦੋਸਤਾਨਾ ਸੰਬੰਧ ਬਣਦੇ ਹਨ। ਇਹ ਲੋੜ ਦੂਸਰਿਆਂ ਨਾਲ ਚਲਣ ਤੇ ਰਹਿਣ ਲਈ ਦੋਸਤੀ ਬਣਾਂਦੀ ਹੈ। ਇਸ ਨਾਲ ਦੂਜਿਆਂ ਨਾਲ ਸਹਿਯੋਗ ਕਰਨ ਅਤੇ ਸਮਾਜਿਕ ਲੋੜ ਆਦਿ ਸ਼ਾਮਿਲ ਹੈ।

### 2.3.5.2 ਉਪਲੱਬਧੀ (Acquisitiveness) :

ਉਪਲੱਬਧੀ ਪ੍ਰਯੋਜਨਾਂ ਵਿਚੋਂ ਪਦਾਰਥਵਾਦੀ ਵਸਤਾਂ ਨੂੰ ਆਪਣੇ ਲਈ ਇਕੱਠਾ ਕਰਨ ਅਤੇ ਰੱਖਣ ਦੀ ਇੱਛਾ ਹੁੰਦੀ ਹੈ ਨਾ ਕਿ ਆਪਣੀਆਂ ਸਰੀਰਕ ਲੋੜਾਂ ਦੀ ਪੂਰਤੀ ਦੇ ਮੰਤਵ ਲਈ। ਕਿਸੇ ਵੀ ਕਿਸਮ ਦੀ ਪ੍ਰਾਈਵੇਟ ਜਾਇਦਾਦ ਦੀ ਮਲਕੀਅਤ ਨੂੰ ਕਈ ਮਨੋਵਿਗਿਆਨੀਆਂ ਦੁਆਰਾ ਉਪਲੱਬਧੀ ਪ੍ਰਯੋਜਨ ਕਿਹਾ ਜਾਂਦਾ ਹੈ ਕਿਉਂਕਿ ਪਦਾਰਥਵਾਦੀ ਉਤਸ਼ਾਹ ਸਾਡੇ ਸਮਾਜ ਵਿੱਚ ਇੰਨੀ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ ਕਿ ਉਪਲੱਬਧੀ ਦੀ ਖਾਹਿਸ਼ ਸਾਰੇ ਵਿਅਕਤੀਆਂ ਦੀ ਪ੍ਰੇਰਣਾ ਦਾ ਮੁੱਢ ਹੈ। ਉਪਲੱਬਧੀ ਪ੍ਰਯੋਜਨ ਵਪਾਰ ਅਤੇ ਉਦਯੋਗਿਕ ਸਥਿਤੀਆਂ ਵਿੱਚ ਜ਼ਿਆਦਾ ਤਨਖਾਹ ਜਾਂ ਪਦਾਰਥਵਾਦੀ ਉਤਸ਼ਾਹ ਦੀ ਇੱਛਾ ਦੇ ਰੂਪ ਵਿੱਚ ਇੰਨੇ ਜ਼ਿਆਦਾ ਮਹੱਤਵਪੂਰਨ ਨਹੀਂ ਜਿੰਨੇ ਕਿ ਸੁਰੱਖਿਆ, ਤਰੱਕੀ ਲਈ ਮੌਕਿਆਂ ਸੰਬੰਧੀ, ਇੱਜ਼ਤ ਨਾਲ ਵਿਵਹਾਰ ਕੀਤੇ ਜਾਣ ਅਤੇ ਨੌਕਰੀ ਨੂੰ ਵਿਸ਼ਵਾਸ ਨਾਲ ਨਿਭਾਉਣ ਨਾਲ ਸੰਬੰਧਿਤ ਪ੍ਰਯੋਜਨ ਮਹੱਤਵਪੂਰਨ ਹਨ।

### 2.3.5.3 ਅੰਤਰੀਵ ਅਤੇ ਬਾਹਰੀ ਪ੍ਰੇਰਣਾ (Instrinsic and Extrinsic Motivation) :

ਵਿਅਕਤੀ ਕਈ ਪ੍ਰਕਾਰ ਦੀਆਂ ਕ੍ਰਿਆਵਾਂ ਵਿੱਚ ਰੁੱਝੇ ਰਹਿੰਦੇ ਹਨ ਜਿਨ੍ਹਾਂ ਵਿੱਚ ਕੋਈ ਸਪੱਸ਼ਟ ਇਨਾਮ ਨਹੀਂ ਮਿਲਦਾ। ਮਨੋਵਿਗਿਆਨੀਆਂ ਨੇ ਅਜਿਹੇ ਵਿਵਹਾਰ ਨੂੰ ਅੰਤਰੀਵ ਪ੍ਰੇਰਿਤ ਵਿਵਹਾਰ ਦੱਸਿਆ ਹੈ ਜੋ ਕਿਸੇ ਸਪੱਸ਼ਟ ਇਨਾਮ ਤੋਂ ਬਿਨਾਂ ਵਾਪਰਦਾ ਹੈ। ਅੰਤਰੀਵ ਪ੍ਰੇਰਿਤ ਵਿਵਹਾਰ ਉਹ ਹੈ ਜੋ ਵਿਅਕਤੀ ਜ਼ਿਆਦਾ ਯੋਗ ਅਤੇ ਸਵੈ-ਨਿਸ਼ਚਿਤ ਅਨੁਭਵ ਕਰਨ ਲਈ ਕਰਦੇ ਹਨ। ਕੁੱਝ ਲੋਕ ਉਤੇਜਨਾ ਪ੍ਰਾਪਤ ਕਰਨ ਲਈ ਅਤੇ ਸਮਰਥੀ ਜਾਂ ਨਿਪੁੰਨਤਾ ਦੀ ਭਾਵਨਾਵਾਂ ਪ੍ਰਾਪਤ ਕਰਨ ਲਈ ਕੰਮ ਕਰਦੇ ਹਨ। ਅੰਤਰੀਵ ਪ੍ਰੇਰਣਾ ਦਾ ਅਰਥ ਹੈ ਕਿ ਜਦੋਂ ਲੋਕ ਕੋਈ ਕੰਮ ਕਰਨ ਵਿੱਚ ਰੁਚੀ ਲੈਂਦੇ ਹਨ ਅਤੇ ਉਸ ਦਾ ਆਨੰਦ ਮਾਣਦੇ ਹਨ ਭਾਵੇਂ ਉਸ ਦਾ ਕੋਈ ਬਾਹਰੀ ਇਨਾਮ ਨਾ ਹੋਵੇ।

ਦੂਸਰੇ ਪਾਸੇ ਬਾਹਰੀ ਪ੍ਰਰਣਾ ਦਾ ਅਰਥ ਹੈ ਧੰਨ, ਇਨਾਂਮ, ਪੁਰਸਕਾਰ, ਜਨਤਕ ਜਾਣ ਪਹਿਚਾਣ। ਇਹ ਉਸ ਵਿਵਹਾਰ ਤੋਂ ਬਿਨਾਂ ਜਿਸ ਨੇ ਇਹ ਪੈਦਾ ਕੀਤੇ ਹਨ ਸੰਤੁਸ਼ਟੀ ਪੈਦਾ ਕਰਦੀ ਹੈ ਜਦਕਿ ਬਾਹਰੀ ਪ੍ਰੇਰਿਤ ਵਿਵਹਾਰ ਅਨੁਕ੍ਰਿਆ ਦੁਆਰਾ ਪੈਦਾ ਕੀਤੇ ਬਾਹਰਲੀਆਂ ਘਟਨਾਵਾਂ ਦੁਆਰਾ ਨਿਯਮਿਤ ਹੁੰਦਾ ਹੈ। ਉਥੇ ਅੰਤਰੀਵ ਪ੍ਰੇਰਿਤ ਵਿਵਹਾਰ ਅੰਦਰੋਂ ਪੈਦਾ ਹੁੰਦਾ ਹੈ ਅਤੇ ਇਸ ਦਾ ਇਨਾਮ ਵੀ ਅੰਦਰੂਨੀ ਹੈ। ਬਾਹਰਲੇ ਇਨਾਮ ਮੌਜੂਦਾ ਵਿਵਹਾਰ ਨੂੰ ਮਜ਼ਬੂਤ ਕਰਦੇ ਹਨ ਅਤੇ ਵਿਅਕਤੀਆਂ ਨੂੰ ਉਨ੍ਹਾਂ ਦੇ ਪ੍ਰਦਰਸ਼ਨਾਂ ਬਾਰੇ

ਜਾਣਕਾਰੀ ਦਿੰਦੇ ਹਨ। ਸਕਾਰਾਤਮਕ ਸਿੱਟੇ ਸ਼ਾਇਦ ਆਪਣੇ ਆਪ ਵਿੱਚ ਸਵੈ-ਕਾਬਲੀਅਤ ਅਤੇ ਯੋਗਤਾ ਦੀਆਂ ਭਾਵਨਾਵਾਂ ਵਿੱਚ ਵਾਧਾ ਕਰਨਗੇ।

**2.3.6 ਜਮਾਤ ਵਿੱਚ ਪ੍ਰੇਰਣਾਦਾਇਕ ਨੀਤੀਆਂ (Motivational Strategies in the Class-room) :**

ਜਮਾਤ ਵਿੱਚ ਸਿੱਖਣ, ਪੜਾਉਣ ਦੀ ਪ੍ਰਕ੍ਰਿਆ ਪ੍ਰਭਾਵਸ਼ਾਲੀ ਨਹੀਂ ਹੋ ਸਕਦੀ ਜੇ ਸਿੱਖਿਆਰਥੀ ਪ੍ਰੇਰਿਤ ਨਹੀਂ ਹੋਣਗੇ ਕਿਉਂਕਿ ਕੋਈ ਵੀ ਸਿੱਖਿਆ ਪ੍ਰੇਰਣਾ ਤੋਂ ਬਿਨਾਂ ਸੰਭਵ ਨਹੀਂ ਹੁੰਦੀ। ਸਭ ਤੋਂ ਪਹਿਲਾਂ ਅਧਿਆਪਕ ਲਈ ਵਿਦਿਅਰਥੀਆਂ ਦੇ ਪ੍ਰਯੋਜਨਾਂ ਨੂੰ ਉਤੇਜਿਤ ਕਰਨਾ ਹੋਵੇਗਾ ਤਾਂ ਜੋ ਪਾਠ ਵਿੱਚ ਧਿਆਨ ਖਿੱਚਣ ਅਤੇ ਉਨ੍ਹਾਂ ਦੀ ਰੁਚੀ ਬਣਾਈ ਰੱਖੀ ਜਾਵੇ। ਇਸ ਤੋਂ ਇਲਾਵਾ ਅਧਿਆਪਕ ਵਿਦਿਆਰਥੀਆਂ ਦੀਆਂ ਵਿਵਹਾਰਕ ਸਮੱਸਿਆਵਾਂ ਦਾ ਸਾਹਮਣਾ ਕਰਦਾ ਹੈ, ਜਿੱਥੇ ਪ੍ਰੇਰਣਾਦਾਇਕ ਨੀਤੀਆਂ ਹੀ, ਜੋ ਅਧਿਆਪਕ ਲਾਗੂ ਕਰਦਾ ਹੈ, ਇਹਨਾਂ ਸਮੱਸਿਆਵਾਂ ਨੂੰ ਹੱਲ ਕਰ ਸਕਦੀਆਂ ਹਨ। ਕਲਾਸ ਵਿੱਚ ਸਿੱਖਣ ਲਈ ਵਿਦਿਅਰਥੀਆਂ ਨੂੰ ਅਧਿਆਪਕ ਵੱਲੋਂ ਲਗਾਤਾਰ ਪ੍ਰੇਰਣਾ ਦੀ ਜ਼ਰੂਰਤ ਹੁੰਦੀ ਹੈ ਤਾਂ ਜੋ ਅਧਿਆਪਕ ਦੀ ਪ੍ਰਤਿਭਾ ਨੂੰ ਵਿਦਿਆਰਥੀਆਂ ਦੀ ਭਲਾਈ ਲਈ ਵੱਧ ਤੋਂ ਵੱਧ ਵਰਤਿਆ ਜਾ ਸਕੇ। ਮਨੋਵਿਗਿਆਨੀਆਂ ਨੇ ਕੁੱਝ ਸਾਂਝੀਆਂ ਨੀਤੀਆਂ ਵਿਕਸਿਤ ਕੀਤੀਆਂ ਹਨ ਜਿਹੜੀਆਂ ਭਲਾਈ ਕਲਾਸਾਂ ਵਿੱਚ ਅਧਿਆਪਕ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਕੰਮ ਲਈ ਪ੍ਰੇਰਿਤ ਕਰਨ ਲਈ ਵਰਤੀਆਂ ਜਾ ਸਕਦੀਆਂ ਹਨ। ਉਹਨਾਂ ਵਿੱਚ ਕੁੱਝ ਹੇਠਾਂ ਦੱਸੀਆਂ ਜਾ ਰਹੀਆਂ ਹਨ :

**1. ਪਦਾਰਥੀ ਇਨਾਮਾਂ ਦੀ ਵਰਤੋਂ** (Use of Material Rewards)

ਇਨਾਮ ਧਨਾਤਮਕ ਪ੍ਰੇਰਕ ਹੈ ਤੇ ਸਜ਼ਾ ਨਕਾਰਾਤਮਕ ਪ੍ਰੇਰਕ। ਇਸ ਲਈ ਇਨਾਮ ਸਿੱਖਣ ਵਿੱਚ ਜ਼ਿਆਦਾ ਸਹਾਈ ਹੁੰਦੇ ਹਨ। ਸਜ਼ਾ ਅਨਇੱਛਤ ਵਿਵਹਾਰ ਦਾ ਖਾਤਮਾ ਕਰਨ ਲਈ ਸਹਾਈ ਹੁੰਦੀ ਹੈ। ਪ੍ਰੇਰਕ ਧਨਾਤਮਕ ਹੋਣਾ ਚਾਹੀਦਾ ਹੈ। ਇਨਾਮਾਂ ਦੀ ਜ਼ਿਆਦਾ ਵੰਡ ਕਈ ਵਾਰ ਵਿਦਿਆਰਥੀਆਂ ਤੇ ਉੱਚਿਤ ਪ੍ਰਭਾਵ ਨਹੀਂ ਪਾਉਂਦੀ ਕਿਉਂਕਿ ਕਈ ਵਾਰ ਕੇਵਲ ਇਨਾਮ ਪ੍ਰਾਪਤ ਕਰਨਾ ਹੀ ਵਿਦਿਆਰਥੀ ਦਾ ਮੁੱਖ ਉਦੇਸ਼ ਬਣ ਜਾਂਦਾ ਹੈ ਅਤੇ ਉਹ ਇਸ ਦੀ ਪ੍ਰਾਪਤੀ ਲਈ ਅਣਉੱਚਿਤ ਢੰਗਾਂ ਦੀ ਵਰਤੋਂ ਕਰਨੀ ਸ਼ੁਰੂ ਕਰ ਦਿੰਦਾ ਹੈ।

ਅਧਿਆਪਕ ਨੂੰ ਅਕਸਰ ਵਿਦਿਆਰਥੀਆਂ ਦੇ ਵਧੀਆ ਪ੍ਰਦਰਸ਼ਨਾਂ ਲਈ ਇਨਾਮ ਦੇਣੇ ਚਾਹੀਦੇ ਹਨ। ਇਹ ਵਿਦਿਅਕ ਕੰਮਾਂ ਵਿੱਚ ਵਿਦਿਆਰਥੀਆਂ ਦੀ ਰੁਚੀ ਵਧਾਏਗਾ। ਅਧਿਆਪਕ ਵੱਖ-ਵੱਖ ਤਰ੍ਹਾਂ ਦੇ ਇਨਾਮਾਂ ਦੀ ਵਰਤੋਂ ਕਰ ਸਕਦਾ ਹੈ ਜਿਵੇਂ ਕਿ ਪਦਾਰਥੀ ਸੰਕੇਤਾਤਮਕ ਜਾਂ ਮਨੋਵਿਗਿਆਨਕ। ਸਿੱਖਿਆ ਲਈ ਬੱਚਿਆਂ ਨੂੰ ਪ੍ਰੇਰਿਤ ਕਰਨ ਲਈ ਇਸ ਦਾ ਸਕਾਰਾਤਮਕ ਪ੍ਰਭਾਵ ਪੈਂਦਾ ਹੈ। ਇਨਾਮਾਂ ਦੀ ਜ਼ਿਆਦਾ ਵੰਡ ਕਈ ਵਾਰ ਵਿਦਿਆਰਥੀ ਤੇ ਮਾੜਾ ਅਸਰ ਪਾਉਂਦੀ ਹੈ।

**2. ਪ੍ਰਸ਼ੰਸਾ ਅਤੇ ਦੋਸ਼ਾਂ ਦੀ ਵਰਤੋਂ** (Use of Praise and Blame)

ਇਹ ਮਨੁੱਖੀ ਸੁਭਾਅ ਹੈ ਕਿ ਹਰ ਕੋਈ ਵਿਅਕਤੀ ਆਪਣੀ ਪ੍ਰਾਪਤੀ ਲਈ ਪ੍ਰਸ਼ੰਸਾ ਇੱਜ਼ਤ ਅਤੇ ਪਹਿਚਾਣ ਤੇ ਮਾਨਤਾ ਚਾਹੁੰਦਾ ਹੈ। ਇਸ ਕਰਕੇ ਵਿਦਿਆਰਥੀਆਂ ਦੀ ਉਨ੍ਹਾਂ ਦੇ ਚੰਗੇ ਵਿਵਹਾਰ ਅਤੇ ਪ੍ਰਾਪਤੀਆਂ ਲਈ ਪ੍ਰਸ਼ੰਸਾ ਕਰਨੀ ਚਾਹੀਦੀ ਹੈ। ਪ੍ਰਸ਼ੰਸਾ ਕਈ ਤਰੀਕਿਆਂ ਨਾਲ ਕੀਤੀ ਜਾ ਸਕਦੀ ਹੈ ਜਿਵੇਂ ਕਿ ਅਧਿਆਪਕ ਵੱਲੋਂ ਸੰਕੇਤ, ਮੁਸਕਰਾਹਟ, ਇਕ ਚੰਗੀ ਦ੍ਰਿਸ਼ਟੀ ਜਾਂ ਸ਼ਾਬਦਿਕ ਪ੍ਰਸ਼ੰਸਾ ਆਦਿ। ਕਲਾਸ ਵਿੱਚ ਪ੍ਰਸ਼ੰਸਾ ਦੀ ਵਰਤੋਂ ਕਰਨ ਵੇਲੇ ਅਧਿਆਪਕ ਨੂੰ ਸੁਚੇਤ ਰਹਿਣਾ ਚਾਹੀਦਾ ਹੈ। ਹਰ ਕ੍ਰਿਆ ਲਈ ਬੱਚਿਆਂ ਨੂੰ ਪ੍ਰਸ਼ੰਸਾ ਨਹੀਂ ਦੇਣੀ ਚਾਹੀਦੀ। ਜਦੋਂ ਜ਼ਰੂਰਤ ਹੋਵੇ ਤਾਂ ਦੋਸ਼ ਵੀ ਲਾਉਣੇ ਚਾਹੀਦੇ ਹਨ ਅਤੇ ਸਜ਼ਾ ਦੇਣੀ ਚਾਹੀਦੀ ਹੈ। ਪ੍ਰਸ਼ੰਸਾ ਅਤੇ ਦੋਸ਼ ਵਿਅਕਤੀਗਤ ਵਿਦਿਆਰਥੀਆਂ ਤੇ ਭਿੰਨ-ਭਿੰਨ ਪ੍ਰਭਾਵ ਪਾਉਂਦੇ ਹਨ। ਦੋਸ਼ਾਂ ਦੀ ਵਰਤੋਂ ਬੜੇ ਧਿਆਨ ਅਤੇ ਕਦੀ-ਕਦੀ ਕਰਨੀ ਚਾਹੀਦੀ ਹੈ ਕਿਉਂਕਿ ਇਹ ਸ਼ਖ਼ਸੀਅਤ ਵਿੱਚ ਅਪਸਮਾਯੋਜਨ ਪੈਦਾ ਕਰਦੇ ਹਨ। ਪ੍ਰਸ਼ੰਸਾ ਅਤੇ ਦੋਸ਼ਾਂ ਦੀ ਸਫਲਤਾਪੂਰਬਕ ਵਰਤੋਂ ਵਿਦਿਆਰਥੀਆਂ, ਉਨ੍ਹਾਂ ਦੇ ਵਿਅਕਤਿੱਤਵ ਅਤੇ ਪਿਛਲੇ ਸਿੱਖਣ ਦੇ ਤਜ਼ਰਬਿਆਂ ਤੇ ਨਿਰਭਰ ਕਰਦੀ ਹੈ।

**3. ਨਤੀਜਿਆਂ ਦਾ ਗਿਆਨ ਜਾਂ ਫੀਡਬੈਕ** (Knowledge of Result or Feedback)

ਸਿੱਖਣ ਦੇ ਕਾਰਜ ਵਿੱਚ ਸਿੱਖਿਆਰਥੀ ਦੀ ਕਾਰਗੁਜ਼ਾਰੀ ਦਾ ਗਿਆਨ ਪ੍ਰੇਰਿਤ ਸ਼ਕਤੀ ਵੱਜੋਂ ਕੰਮ ਕਰਦਾ ਹੈ। ਸਿੱਖਿਆਰਥੀ ਸਿੱਖਿਆ ਕ੍ਰਿਆਵਾਂ ਵਿੱਚ ਲਗਾਤਾਰ ਰੁੱਝੇ ਰਹਿੰਦੇ ਹਨ। ਸਿੱਖਿਆ ਜ਼ਿਆਦਾ ਤੇਜ਼ ਤੇ ਪ੍ਰਭਾਵਸ਼ਾਲੀ ਹੋ ਸਕਦੀ ਹੈ ਜਦੋਂ ਸਿੱਖਿਆਰਥੀ ਨੂੰ ਉਸ ਦੇ ਨਤੀਜਿਆਂ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਪ੍ਰਯੋਗਾਤਮਕ ਤੌਰ ਤੇ ਇਸ ਨੂੰ ਸਿੱਧ ਕੀਤਾ ਜਾ ਚੁੱਕਾ ਹੈ ਕਿ ਨਤੀਜਿਆਂ ਦੀ ਜਾਣਕਾਰੀ ਪ੍ਰੇਰਣਾ ਵਿੱਚ ਵਾਧਾ ਕਰਦੀ ਹੈ ਅਤੇ ਸਿੱਖਣ ਦੀ ਪ੍ਰਕ੍ਰਿਆ ਵਿੱਚ ਸੁਧਾਰ ਕਰਦੀ ਹੈ। ਇਸ ਕਰਕੇ ਅਧਿਆਪਕਾਂ ਵੱਲੋਂ ਵਿਦਿਆਰਥੀਆਂ ਨੂੰ ਢੁੱਕਵੀਂ ਫ਼ੀਡਬੈਕ ਦੇਣੀ ਚਾਹੀਦੀ ਹੈ ਤਾਂ ਜੋ ਉਹ ਸਿੱਖਣ ਲਈ ਪ੍ਰੇਰਿਤ ਹੋਣ।

**4. ਅਭਿਲਾਸ਼ਾ ਦਾ ਪੱਧਰ ਜਾਂ ਟੀਚੇ ਦਾ ਨਿਰਧਾਰਨ ਕਰਨਾ** (Level of Aspiration or Setting Goals)

ਸਫਲਤਾ ਪ੍ਰਾਪਤ ਕਰਨ ਲਈ ਸਾਡੇ ਟੀਚੇ ਉੱਚੇ ਹੋਣੇ ਚਾਹੀਦੇ ਹਨ। ਇਸ ਦਾ ਅਰਥ ਹੈ ਕਿ ਸਾਡੀ ਸਿਸ਼ਟਤਾ ਦਾ ਪੱਧਰ ਸਾਡੇ ਟੀਚਿਆਂ ਦੀ ਉੱਚਤਾ ਨਾਲ ਸੰਬੰਧਿਤ ਹੋਣਾ ਚਾਹੀਦਾ ਹੈ। ਪ੍ਰੇਰਣਾ ਦੇ ਮਹੱਤਵਪੂਰਣ ਅਤੇ ਇੱਛਿਤ ਧਾਰਨਾਵਾਂ ਵਿਚੋਂ ਇਕ ਧਾਰਨਾ 'ਅਭਿਲਾਸ਼ਾ ਦਾ ਪੱਧਰ' ਹੈ। ਅਧਿਆਪਕ ਨੂੰ ਹਰ ਕ੍ਰਿਆ ਇਸ ਤਰੀਕੇ ਨਾਲ ਸੰਗਠਿਤ ਕਰਨੀ ਚਾਹੀਦੀ ਹੈ ਕਿ ਵਿਦਿਆਰਥੀ ਟੀਚੇ ਦੀ ਪ੍ਰਾਪਤੀ ਲਈ ਵਚਨਬੱਧ ਹੋ ਸਕਣ। ਟੀਚੇ ਪ੍ਰਾਪਤ ਕਰਨ ਯੋਗ ਹੋਣੇ ਚਾਹੀਦੇ ਹਨ ਤਾਂ ਜੋ ਵਿਦਿਆਰਥੀ ਇਹ ਅਨੁਭਵ ਕਰਨ ਕਿ ਉਹ ਇਹਨਾਂ ਟੀਚਿਆਂ ਨੂੰ ਪ੍ਰਾਪਤ ਕਰਨ ਦੇ ਯੋਗ ਹਨ।

**5. ਮੁਕਾਬਲੇ ਅਤੇ ਸਹਿਕਾਰਤਾ ਦੀ ਭਾਵਨਾ** (Use of Competition and Co-operation)

ਜਮਾਤ ਵਿੱਚ ਸਿੱਖਿਆ ਸਮੇਂ ਅਧਿਆਤਮਕ ਈ ਕਿਸਮ ਦੇ ਮੁਕਾਬਲਿਆਂ ਦੀ ਵਰਤੋਂ ਕਰ ਸਕਦਾ ਹੈ ਜਿਵੇਂ ਕਿ (1) ਵਿਦਿਆਰਥੀਆਂ ਵਿੱਚ ਅੰਤਰ-ਨਿੱਜੀ ਮੁਕਾਬਲਾ, (2) ਸਮੂਹ ਮੁਕਾਬਲਾ ਅਤੇ (3) ਹਰ ਇਕ ਦਾ ਆਪਣੇ ਆਪ ਨਾਲ ਮੁਕਾਬਲਾ। ਮੁਕਾਬਲੇ ਦੀ ਤਰ੍ਹਾਂ ਸਹਿਕਾਰਤਾ ਵੀ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਨ ਲਈ ਮਜ਼ਬੂਤ ਉਤਸ਼ਾਹ ਹੈ। ਅਧਿਆਪਕ ਨੂੰ ਸਿੱਖਿਆ ਕ੍ਰਿਆਵਾਂ ਵਿੱਚ ਕ੍ਰਿਆਸ਼ੀਲ ਹਿੱਸਾ ਲੈਣ ਵਾਲੇ ਹਰ ਵਿਦਿਆਰਥੀ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ।

**6. ਪ੍ਰਾਪਤੀ ਦੀ ਭਾਵਨਾ** (Sense of Achievement)

ਹਰ ਕੋਈ ਇਹ ਜਾਨਣਾ ਚਾਹੁੰਦਾ ਹੈ ਕਿ ਹੁਣ ਤੱਕ ਉਸ ਨੇ ਕੀ ਪ੍ਰਾਪਤ ਕੀਤਾ ਹੈ ਅਤੇ ਆਪਣੇ ਵਿਸ਼ੇਸ਼ ਟੀਚੇ ਪ੍ਰਤੀ ਉਹ ਕਿੰਨੀ ਉੱਨਤੀ ਕਰ ਰਿਹਾ ਹੈ ? ਪ੍ਰਾਪਤੀ ਦੀ ਭਾਵਨਾ ਸੰਤੁਸ਼ਟੀ ਪੈਦਾ ਕਰਦੀ ਹੈ ਅਤੇ ਸੁਰੱਖਿਆ ਤੇ ਪਹਿਚਾਨ ਦੀ ਲੋੜ ਨੂੰ ਪੂਰਾ ਕਰਦੀ ਹੈ ਜੋ ਅੱਗੇ ਖੁਸ਼ੀ ਪੈਦਾ ਕਰਦੀ ਹੈ ਅਤੇ ਫਿਰ ਹਰ ਵਿਅਕਤੀ ਹੋਰ ਜ਼ਿਆਦਾ ਪ੍ਰਾਪਤੀ ਅਤੇ ਪਹਿਚਾਣ ਲਈ ਜ਼ਿਆਦਾ ਮਿਹਨਤ ਕਰਦਾ ਹੈ। ਇਹ ਪ੍ਰੇਰਨਾਦਾਇਕ ਹੁੰਦਾ ਹੈ।

ਇਨ੍ਹਾਂ ਤੋਂ ਬਿਨ੍ਹਾਂ ਕਈ ਹੋਰ ਨੀਤੀਆਂ ਵੀ ਹਨ ਜੋ ਸਕੂਲਾਂ ਵਿੱਚ ਅਧਿਆਪਕ-ਸਿੱਖਣ ਦੀ ਪ੍ਰਕ੍ਰਿਆ ਨੂੰ ਜ਼ਿਆਦਾ ਪ੍ਰਭਾਵਸ਼ਾਲੀ ਬਨਾਉਣ ਲਈ ਵਰਤੀਆਂ ਜਾ ਸਕਦੀਆਂ ਹਨ। ਪਰੰਤੂ ਇਹ ਸਭ ਅਧਿਆਪਕ ਤੇ ਨਿਰਭਰ ਕਰਦਾ ਹੈ ਕਿ ਉਹ ਹਰ ਰੋਜ਼ ਦੇ ਅਧਿਆਪਨ ਵਿੱਚ ਇਹਨਾਂ ਨੀਤੀਆਂ ਦੀ ਵਰਤੋਂ ਕਿਸ ਤਰ੍ਹਾਂ ਕਰਦਾ ਹੈ। ਉਸ ਦੇ ਪੜ੍ਹਾਉਣ ਦੇ ਆਪਣੇ ਢੰਗ, ਕਲਾਸ ਵਿੱਚ ਸਮੱਸਿਆਵਾਂ ਨੂੰ ਸੁਲਝਾਉਣ ਲਈ ਵਰਤੀਆਂ ਗਈਆਂ ਵੱਖ-ਵੱਖ ਵਿਧੀਆਂ ਜਾਂ ਤਕਨੀਕਾਂ ਵੀ ਜਮਾਤ ਦੇ ਅਧਿਆਪਨ ਵਿੱਚ ਪ੍ਰੇਰਣਾ ਪ੍ਰਕ੍ਰਿਆ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ।

ਪਾਠ ਨੂੰ ਅਰਥ ਭਰਪੂਰ ਬਣਾਉਣਾ ਚਾਹੀਦਾ ਹੈ ਤਾਂ ਕਿ ਵਿਦਿਆਰਥੀ ਉਸ ਦਾ ਆਪਣੇ ਨਿੱਜੀ ਜੀਵਨ ਵਿੱਚ ਲਾਭ ਸਮਝ ਸਕੇ। ਨਵਾਂ ਸਿੱਖਣਾ ਪੂਰਵ ਅਨੁਭਵਾਂ ਤੇ ਅਧਾਰਿਤ ਹੋਣਾ ਚਾਹੀਦਾ ਹੈ। ਸਿੱਖਣ ਸਥਿਤੀ ਵਿੱਚ ਵਿਦਿਆਰਥੀ ਕਿਰਿਆਸ਼ੀਲ ਹੋਣਾ ਚਾਹੀਦਾ ਹੈ। ਵਿਦਿਆਰਥੀ ਨੂੰ ਵਿਸ਼ਾ-ਵਸਤੂ ਦਾ ਅਧਿਐਨ ਕਰਨ ਤੋਂ ਪਹਿਲਾਂ ਪਤਾ ਹੋਣਾ ਚਾਹੀਦਾ ਹੈ ਕਿ ਉਸ ਨੇ ਕੀ ਲਕਸ਼ ਪ੍ਰਾਪਤ ਕਰਨਾ ਹੈ।

**2.3.7 ਸਾਰ :**

ਪ੍ਰੇਰਣਾ ਇਕ ਵਿਸਤਰਿਤ ਸ਼ਬਦ ਹੈ ਜਿਸ ਵਿੱਚ ਵਿਅਕਤੀ ਦੇ ਅੰਤਰਗਤ ਉਹ ਸਭ ਹਾਲਾਤ ਆ ਜਾਂਦੇ ਹਨ ਜਿਹੜੇ ਉਸ ਨੂੰ ਲਕਸ਼ ਕੇਂਦਰਿਤ ਵਿਵਹਾਰ ਵਾਸਤੇ ਕ੍ਰਿਆਸ਼ੀਲ ਬਣਾਉਂਦੇ ਹਨ। ਜਦੋਂ ਕੋਈ ਵਿਅਕਤੀ ਪ੍ਰੇਰਣਾ ਪ੍ਰਾਪਤ ਕਰਦਾ ਹੈ ਤਾਂ ਉਹ ਕੰਮ ਕਰਨ ਲਈ ਗਤੀਸ਼ੀਲ ਹੁੰਦਾ ਹੈ। ਉਹ ਕ੍ਰਿਆ ਕਰਨੀ ਸ਼ੁਰੂ ਕਰ ਦਿੰਦਾ ਹੈ ਅਤੇ ਉਸ ਦੀਆਂ ਕ੍ਰਿਆਵਾਂ ਉਸ ਸਮੇਂ ਤੱਕ ਚਲਦੀਆਂ ਰਹਿੰਦੀਆਂ ਹਨ ਜਦੋਂ ਤੱਕ ਉਹ ਟੀਚੇ ਨੂੰ ਪ੍ਰਾਪਤ ਨਹੀਂ ਕਰ ਲੈਂਦਾ। ਪ੍ਰਯੋਜਨ (motives) ਉਹ ਸਰੀਰਕ ਜਾਂ ਮਨੋਵਿਗਿਆਨਕ ਅਵਸਥਾਵਾਂ ਹਨ ਜੋ ਕੁੱਝ ਵਿਸ਼ੇਸ਼ ਤਰੀਕਿਆਂ ਨਾਲ ਕੰਮ ਕਰਨ ਲਈ ਪ੍ਰੇਰਿਤ ਕਰਦੀ ਹੈ। ਪ੍ਰਯੋਜਨ ਵਿਵਹਾਰ ਨੂੰ ਸ਼ਕਤੀ ਪ੍ਰਦਾਨ ਕਰਦੇ ਹਨ ਅਤੇ ਕਾਇਮ ਰੱਖਦੇ ਹਨ। ਪ੍ਰਯੋਜਨ ਦੋ ਤਰ੍ਹਾਂ, ਸਰੀਰਕ ਅਤੇ ਸਮਾਜਿਕ ਪ੍ਰਯੋਜਨ ਹੁੰਦੇ ਹਨ। ਭੁੱਖ, ਪਿਆਸ, ਲਿੰਗ, ਸਾਹ ਲੈਣ ਦੀ ਪ੍ਰਕ੍ਰਿਆ ਨੀਂਦ ਆਦਿ ਸਰੀਰਕ ਪ੍ਰਯੋਜਨ ਹਨ ਜੋ ਕਿ ਜਨਮ ਸਮੇਂ ਤੋਂ ਹੀ ਸਾਡੇ ਵਿੱਚ ਮੌਜੂਦ ਹੁੰਦੇ ਹਨ ਅਤੇ ਇਹ ਵਿਅਕਤੀ ਦੀਆਂ ਸ੍ਵੈ-ਨਿਯਮਿਤ ਪ੍ਰਕ੍ਰਿਆਵਾਂ ਰਾਹੀਂ ਪੈਦਾ ਹੁੰਦੇ ਹਨ। ਸਮਾਜਿਕ ਪ੍ਰਯੋਜਨਾਂ ਵਿੱਚ ਤਰੱਕੀ ਦੀ ਇੱਛਾ, ਰੁਤਬਾ, ਮੈਂਬਰਸ਼ਿਪ ਪ੍ਰਾਪਤ ਔਖੇ ਕੰਮਾਂ ਨੂੰ ਕਰਨਾ, ਦੂਸਰਿਆਂ ਉੱਪਰ ਪ੍ਰਭਾਵ ਪਾਉਣਾ, ਪ੍ਰਧਾਨਤਾ ਅਤੇ ਰੱਖਿਆ ਆਦਿ ਕੁੱਝ ਸਮਾਜਿਕ ਪ੍ਰਯੋਜਨ ਹਨ। ਸਮਾਜਿਕ ਪ੍ਰਯੋਜਨ ਉਹ ਅੰਦਰੂਨੀ ਅਵਸਥਾ ਹੈ ਜੋ ਵਿਅਕਤੀਆਂ ਨੂੰ ਦੂਸਰੇ ਲੋਕਾਂ ਨਾਲ ਸੰਬੰਧ ਸਥਾਪਿਤ ਕਰਨ ਅਤੇ ਕਾਇਮ ਰੱਖਣ ਲਈ ਫੈਸਲਾ ਦਿੰਦੀਆਂ ਹਨ।

ਕੋਈ ਵੀ ਸਿੱਖਣ-ਪ੍ਰਕ੍ਰਿਆ ਪ੍ਰੇਰਣਾ ਤੋਂ ਬਿਨਾਂ ਸੰਭਵ ਨਹੀਂ ਹੁੰਦੀ ਇਸ ਲਈ ਜੋ ਵਿਦਿਆਰਥੀ ਪ੍ਰੇਰਿਤ ਨਾ ਹੋਣ ਤਾਂ ਕਲਾਸ ਵਿੱਚ ਸਿੱਖਣ ਅਤੇ ਪੜ੍ਹਾਉਣ ਦੀ ਪ੍ਰਕ੍ਰਿਆ ਪ੍ਰਭਾਵਸ਼ਾਲੀ ਨਹੀਂ ਹੋ ਸਕਦੀ। ਅਧਿਆਪਕ ਦੁਆਰਾ ਪਦਾਰਥੀ ਇਨਾਮਾਂ ਦੀ ਵਰਤੋਂ, ਪ੍ਰਸ਼ੰਸਾ ਅਤੇ ਦੋਸ਼ਾਂ ਦੀ ਵਰਤੋਂ, ਨਤੀਜਿਆਂ ਦਾ ਗਿਆਨ, ਅਭਿਲਾਸ਼ਾ ਦਾ ਪੱਧਰ ਜਾਂ ਟੀਚੇ ਦਾ ਨਿਰਧਾਰਨ ਕਰਨਾ, ਮੁਕਾਬਲੇ ਦੀ ਭਾਵਨਾ, ਪ੍ਰਾਪਤੀ ਦੀ ਭਾਵਨਾ

ਅਤੇ ਪੂਰਵ-ਅਨੁਭਵ ਤਰੀਕੇ ਮਹੱਤਵਪੂਰਨ ਹਨ ਜੋ ਕਿ ਅਧਿਆਪਕ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਨ ਲਈ ਵਰਤ ਸਕਦੇ ਹਨ।

**2.3.8 ਸ਼ਬਦਾਵਲੀ :**

1. **ਪ੍ਰੇਰਣਾ** : ਪ੍ਰੇਰਣਾ ਇਕ ਉਤੇਜਨਾ ਹੈ ਜਿਸ ਤੋਂ ਬਿਨਾ ਕੋਈ ਵੀ ਵਿਵਹਾਰ ਅਤੇ ਨਤੀਜੇ ਵਜੋਂ ਕੋਈ ਵੀ ਸਿੱਖਣਾ ਸੰਭਵ ਨਹੀਂ ਹੈ। ਇਹ ਵਿਅਕਤੀ ਦੀ ਕ੍ਰਿਆ ਨੂੰ ਉਤੇਜਿਤ ਅਤੇ ਉਤਸ਼ਾਹਿਤ ਕਰਦੀ ਹੈ।
2. **ਹੋਮਿਉਸਟੈਟਿਸ** : ਹਰ ਪ੍ਰਾਣੀ ਦੇ ਸ਼ਰੀਰ ਵਿੱਚ ਕੁਝ ਮਸ਼ੀਨੀ ਰਚਨਾਵਾਂ ਹੁੰਦੀਆਂ ਹਨ ਜੋ ਸਥਿਰ ਸ਼ਰੀਰਕ ਸੰਤੁਲਨ ਕਾਇਮ ਰੱਖਦੀਆਂ ਹਨ। ਅੰਦਰੂਨੀ ਸ਼ਰੀਰਕ ਸੰਤੁਲਨ ਕਾਇਮ ਰੱਖਣ ਦੀ ਇਕ ਪ੍ਰਕ੍ਰਿਆ ਨੂੰ ਹੋਮਿਉਸਟੈਟਿਸ ਕਿਹਾ ਜਾਂਦਾ ਹੈ।
3. **ਅੰਤਰੀਵ ਪ੍ਰੇਰਣਾ** : ਜਦੋਂ ਵਿਅਕਤੀ ਕੋਈ ਕੰਮ ਕਰਨ ਵਿੱਚ ਰੁਚੀ ਲੈਂਦੇ ਹਨ ਅਤੇ ਉਸਦਾ ਆਨੰਦ ਮਾਣਦੇ ਹਨ ਭਾਵੇਂ ਉਸ ਦਾ ਕੋਈ ਬਾਹਰੀ ਇਨਾਮ ਨਾ ਹੋਵੇ, ਇਸ ਨੂੰ ਅੰਤਰੀਵ ਪ੍ਰੇਰਣਾ ਕਿਹਾ ਜਾਂਦਾ ਹੈ।
4. **ਬਾਹਰੀ ਪ੍ਰੇਰਣਾ** : ਧੰਨ, ਇਨਾਮ, ਪੁਰਸਕਾਰ ਆਦਿ ਨੂੰ ਪ੍ਰਾਪਤ ਕਰਨ ਲਈ ਜਦੋਂ ਵਿਅਕਤੀ ਕੰਮ ਕਰਦਾ ਹੈ ਅਤੇ ਉਸ ਵਿੱਚ ਰੁਚੀ ਲੈਂਦਾ ਹੈ ਤਾਂ ਇਸ ਨੂੰ ਬਾਹਰੀ ਪ੍ਰੇਰਣਾ ਕਿਹਾ ਜਾਂਦਾ ਹੈ।

## 2.3.9 ਸੁਝਾਏ ਪ੍ਰਸ਼ਨ :

1. ਪ੍ਰੇਰਣਾ ਦੀ ਧਾਰਨਾ ਕੀ ਹੈ ? ਸਰੀਰਕ ਪ੍ਰਯੋਜਨਾਂ ਦੀ ਵਿਸਤਾਰਪੂਰਵਕ ਵਿਆਖਿਆ ਕਰੋ।
2. ਸਮਾਜਿਕ ਲੋੜਾਂ ਕੀ ਹਨ ? ਕਲਾਸ ਅਧਿਆਪਨ ਵਿੱਚ ਇਹਨਾਂ ਦੀ ਵਰਤੋਂ ਕਿਸ ਤਰ੍ਹਾਂ ਕੀਤੀ ਜਾਂਦੀ ਹੈ ? ਵਰਣਨ ਕਰੋ।
3. ਵੱਖ-ਵੱਖ ਪ੍ਰੇਰਣਾਦਾਇਕ ਨੀਤੀਆਂ ਕਿਹੜੀਆਂ ਹਨ ? ਅਧਿਆਪਕ ਅਧਿਆਪਨ ਪ੍ਰਕ੍ਰਿਆ ਵਿੱਚ ਇਹਨਾਂ ਦੀ ਵਰਤੋਂ ਕਿਸ ਤਰ੍ਹਾਂ ਕਰ ਸਕਦਾ ਹੈ ? ਵਿਆਖਿਆ ਕਰੋ।

## 2.3.10 ਸਹਾਇਕ ਪੁਸਤਕ ਸੂਚੀ ਅਤੇ ਵੈਬ ਸੋਮੇ :


1. Chauhan, S.S. : *Advanced Educational Psychology,* New Delhi, Vikas Publishing House 1983, Chap-11, p. 185-213.
2. Kakkar, S.B. : *Advanced Educational Psychology,* New Delhi Oxford & IBH Publishing Co. 1992, p. 386-398.
3. Lefton, L.A. : *Psychology, London, Allyn & Becon,* Inc., 1985 Chapter V. Page 127-148, Chap. 12.
4. Mathur, S.S. : *Educational Psychology,* Agra, Vinod Pustak Mandir, 1989, pp. 127-148. Chap. 12.
5. Whittaker, J.O. : *Introduction to Psychology,* London, W.B. Saunder Co., 1970, Chap. V. pp. 141-181.

**ਵੈਬ ਸੋਮੇ** :

1. en.wikipedia.org
2. www.wiziq.com


**2.3.11 ਸਵੈ ਮੁਲਾਂਕਣ ਅਭਿਆਸ :**

**ਖਾਲੀ ਥਾਵਾਂ ਭਰੋ।**

1. "ਪ੍ਰੇਰਣਾ" ਸ਼ਬਦ ਦੀ ਉਤਪਤੀ ਲਾਤੀਨੀ ਸ਼ਬਦ....................ਤੋਂ ਹੋਈ ਹੈ।
2. ਪ੍ਰੇਰਣਾ ਹਰ ਪ੍ਰਕਾਰ ਦੇ ਵਿਵਹਾਰ ਲਈ...................ਅਤੇ.................ਪ੍ਰਦਾਨ ਕਰਦੀ ਹੈ।
3. ਪ੍ਰਯੋਜਨ ਸ਼ਬਦ ਉਸ ਨੂੰ ਕਿਹਾ ਜਾਂਦਾ ਹੈ ਜਿਸ ਨੂੰ ...................ਤੌਰ ਤੇ ਵੇਖਿਆ ਨਹੀਂ ਜਾ ਸਕਦਾ।
4. ਖੋਜਾਂ ਤੋਂ ਪਤਾ ਲਗਿਆ ਹੈ ਕਿ ਭੁੱਖ ਨੂੰ ਨਿਯੰਤਰਣ ਕਰਨ ਵਿਚ ਸਾਡੇ ਦਿਮਾਗ ਦਾ..........ਭਾਗ ਨੇੜੇ ਤੌਰ ਤੇ ਸੰਬੰਧਤ ਹੈ।
5. ਸਾਹ ਲੈਣ ਦੀ ਪ੍ਰਕ੍ਰਿਆ......................ਪ੍ਰਯੋਜਨ ਹੈ।
6. ਪ੍ਰਾਪਤੀ ਇਕ......................ਪ੍ਰਯੋਜਨ ਹੈ।

**ਉੱਤਰ** :(1) 'Movere' (2) ਉਤਸ਼ਾਹਿਤ ਸ਼ਕਤੀ, ਦਿਸ਼ਾ (3) ਪ੍ਰਤੱਖ (4) ਹਾਈਪੋਥੈਲਮਸ (5) ਸ਼ਰੀਰਕ (6) ਸਮਾਜਿਕ।

ਪਾਠ ਨੰਬਰ : 2.4 ਲੇਖਿਕਾ: ਡਾ. ਐਸ.ਕੇ.ਬਾਵਾ ਅਨੁਵਾਦਕ: ਪ੍ਰੋ. ਐਚ. ਐਸ. ਡਿੰਪਲ

## ਵਿਸ਼ੇਸ਼ ਬੱਚੇ: ਸੰਕਲਪ, ਕਿਸਮਾਂ, ਜ਼ਹੀਨ, ਸ਼ਰਾਰਤੀ,ਵਿਦਿਅਕ ਤੌਰ ਤੇ ਪਛੜੇ ਹੋਏ ਬੱਚੇ,ਉਨ੍ਹਾਂ ਦੀ ਪਛਾਣ, ਵਿਸ਼ੇਸ਼ਤਾਵਾਂ ਅਤੇ ਸਿੱਖਿਆ

ਬਣਤਰ

2.4.1 ਉਦੇਸ਼
2.4.2 ਭੂਮਿਕਾ
2.4.3 ਵਿਸ਼ੇਸ਼ ਬੱਚਿਆਂ ਦੀਆਂ ਕਿਸਮਾਂ
2.4.3.1 ਜ਼ਹੀਨ ਬੱਚੇ
2.4.3.2 ਜ਼ਹੀਨ ਬੱਚਿਆਂ ਦੀ ਪਛਾਣ
2.4.3.3 ਜ਼ਹੀਨ ਬੱਚਿਆਂ ਦੀ ਸਿੱਖਿਆ
2.3.4 ਸ਼ਰਾਰਤੀ ਬੱਚੇ
2.4.4.1 ਸਰਾਰਤਪੁਣੇ ਅਪਚਾਰੀ ਬੱਚਿਆਂ ਦੇ ਲਛਣ
2.4.4.2 ਸ਼ਰਾਰਤਪੁਣੇ/ਅਪਰਾਰਤਾ ਦੇ ਕਾਰਣ
2.4.4.3 ਸ਼ਰਾਰਤ/ਅਪਚਾਰ ਰੋਕਣ ਲਈ ਸੁਝਾਓ
2.4.5 ਵਿਦਿਅਕ ਤੌਰ ਤੇ ਪਛੜੇ ਬੱਚੇ
2.4.5.1 ਵਿਦਿਅਕ ਤੌਰ ਤੇ ਪਛੜੇ ਬੱਚਿਆਂ ਦੀ ਪਹਿਚਾਣ
2.4.5.2 ਪੱਛੜੇ ਬੱਚਿਆਂ ਦੀ ਸਿੱਖਿਆ
2.4.6 ਸਾਰੰਸ਼
2.4.7 ਸੁਝਾਏ ਪ੍ਰਸ਼ਨ
2.4.8 ਸੁਝਾਈ ਪੁਸਤਕ ਸੂਚੀ ਅਤੇ ਵੈਬ ਸੋਮੇ

ਵਿਸ਼ੇ ਸ਼ਾਮਲ ਹਨ।

ਅੰਤ ਵਿਚ ਤੁਹਾਡੀ ਕਾਰਗੁਜ਼ਾਰੀ ਮਾਪਣ ਲਈ ਕੁਝ ਸਵਾਲ ਦਿੱਤੇ ਗਏ ਹਨ। ਸਿਫਾਰਿਸ਼ ਕੀਤੀਆਂ ਗਈਆਂ ਪੁਸਤਕਾਂ ਦੀ ਸੂਚੀ ਵੀ ਅੰਕਿਤ ਕੀਤੀ ਗਈ ਹੈ।

**2.4.1 ਉਦੇਸ਼:** ਇਸ ਪਾਠ ਨੂੰ ਪੜ੍ਹਣ ਪਿਛੋਂ ਤੁਸੀਂ

1) ਜ਼ਹੀਨ ਬੱਚਿਆਂ ਦਾ ਸੰਕਲਪ ਜਾਣਨ ਅਤੇ ਉਨ੍ਹਾਂ ਦੀਆਂ ਕਿਸਮਾਂ ਬਾਰੇ ਜਾਣਨ
2) ਜ਼ਹੀਨ ਬੱਚਿਆਂ ਨੂੰ ਪਛਾਣਨ ਅਤੇ ਉਨ੍ਹਾਂ ਨੂੰ ਪੜ੍ਹਾਉਣ ਦੀਆਂ ਵੱਖ-ਵੱਖ ਰਣਨੀਤੀਆ ਬਾਰੇ ਜਾਣਨ
3) ਸ਼ਰਾਰਤੀ ਬੱਚਿਆਂ ਨੂੰ ਪਛਾਣਨ ਅਤੇ ਉਨ੍ਹਾਂ ਨੂੰ ਪੜ੍ਹਾਉਣ ਦੇ ਵੱਖ ਵੱਖ ਢੰਗ ਤਰੀਕੇ ਜਾਣਨ
4) ਮਾਨਸਿਕ ਤੌਰ ਤੇ ਅਪਾਹਜ ਬੱਚਿਆਂ ਨੂੰ ਪਛਾਣਨ ਅਤੇ ਉਨ੍ਹਾਂ ਨੂੰ ਪੜ੍ਹਾਉਣ ਦੇ ਵੱਖ ਵੱਖ ਢੰਗ ਤਰੀਕੇ ਜਾਣਨ ਦੇ ਯੋਗ ਹੋ ਜਾਵੋਗੇ।

**2.4.2 ਭੂਮਿਕਾ** : ਇਸ ਸੰਸਾਰ ਵਿਚ ਕੋਈ ਵੀ ਦੋ ਵਿਅਕਤੀ ਇਕੋ ਜਿਹੇ ਨਹੀਂ ਹੁੰਦੇ,ਇਸੇ ਤਰ੍ਹਾਂ ਕਿਸੇ ਵੀ ਜਮਾਤ ਵਿਚ ਬੱਚੇ ਇਕੋ ਜਿਹੇ ਨਹੀਂ ਹੁੰਦੇ।ਅਧਿਆਪਕ ਸਕੂਲ ਵਿਚ ਅਨੇਕਾਂ ਬੱਚਿਆਂ ਨਾਲ ਅੰਤਰ ਸੰਬੰਧ ਕਾਇਮ ਕਰਦਾ ਹੈ। ਕੁਝ ਵਿਦਿਆਰਥੀ ਸਧਾਰਣ, ਸਧਾਰਣ ਤੋਂ ਉਪਰਲੇ ਪੱਧਰ ਦੇ ਅਤੇ ਹੇਠਲੇ ਪੱਧਰ ਦੇ ਹੁੰਦੇ ਹਨ। ਕੁਝ ਨੂੰ ਵਿਸ਼ੇਸ਼ ਧਿਆਨ ਦੀ ਲੋੜ ਮਹਿਸੂਸ ਹੁੰਦੀ ਹੈ ਜਦੋਂ ਕਿ ਹੋਰਾਂ ਨੂੰ ਵਿਸ਼ੇਸ਼ ਅਗਵਾਈ ਦੀ ਲੋੜ ਮਹਿਸੂਸ ਹੁੰਦੀ ਹੈ। ਜਿਹੜੇ ਬੱਚਿਆਂ ਨੂੰ ਵਿਸ਼ੇਸ਼ ਧਿਆਨ ਸਿੱਖਿਅਕ ਸਾਵਧਾਨੀ ਅਤੇ ਆਪਣੀਆਂ ਸਮਾਯੋਜਨ ਸਮੱਸਿਆਵਾਂ ਲਈ ਸਹਾਇਤਾ ਦੀ ਲੋੜ ਹੁੰਦੀ ਹੈ, ਉਨ੍ਹਾਂ ਨੂੰ

ਵਿਸ਼ੇਸ਼ ਬੱਚੇ ਕਿਹਾ ਜਾਂਦਾ ਹੈ। ਇਨ੍ਹਾਂ ਨੂੰ ਕਿਸੇ ਵਿਸ਼ੇਸ਼ੀਕ੍ਰਿਤ ਢੰਗ ਨਾਲ ਸੁਲਝਾਇਆ ਜਾਂਦਾ ਹੈ। ਅਜਿਹੇ ਬੱਚੇ ਸਰੀਰਕ, ਮਾਨਸਿਕ, ਭਾਵਨਾਤਮਕ ਅਤੇ ਸਮਾਜਿਕ ਤੌਰ ਤੇ ਦੂਜੇ ਬੱਚਿਆਂ ਤੋਂ ਅਲੱਗ ਹੁੰਦੇ ਹਨ। ਅਜਿਹੇ ਬੱਚਿਆਂ ਨਾਲ ਨਿਪਟਣ ਅਤੇ ਵਿਹਾਰ ਕਰਨ ਤੇ ਬਹੁਤ ਜੋਸ਼ ਅਤੇ ਉਤਸ਼ਾਹ ਮਿਲਦਾ ਹੈ। ਇਹ ਇਕ ਚੁਣੌਤੀ ਪੂਰਨ ਕੰਮ ਹੈ।

**ਵਿਸ਼ੇਸ਼ ਬੱਚਿਆਂ ਦਾ ਭਾਵ:** ਵੱਖ-ਵੱਖ ਮਨੋਵਿਗਿਆਨੀਆਂ ਨੇ ਇਕ ਵਿਸ਼ੇਸ਼ ਬੱਚੇ ਨੂੰ ਵੱਖ ਵੱਖ ਢੰਗ ਨਾਲ ਪਰਿਭਾਸ਼ਤ ਕੀਤਾ ਹੈ। ਕੁਝ ਮਨੋਵਿਗਿਆਨੀਆਂ ਦਾ ਦਾਅਵਾ ਹੈ ਕਿ ਅਜਿਹੇ ਬੱਚਿਆਂ ਵਿਚ ਅਸਧਾਰਣ ਹੁਨਰ ਅਤੇ ਯੋਗਤਾ ਹੁੰਦੀ ਹੈ ਜਦੋਂ ਕਿ ਕੁਝ ਮਾਹਰਾਂ ਨੇ ਪਛੜੇ ਜਾਂ ਨਲਾਇਕ ਬੱਚਿਆਂ ਨੂੰ ਇਸ ਵਰਗ ਵਿਚ ਰੱਖਿਆ ਹੈ। ਕਿਰਕ ਲਿਖਦਾ ਹੈ, ''ਉਹ ਬੱਚਾ ਵਿਸ਼ੇਸ਼ ਹੁੰਦਾ ਹੈ, ਜੋ ਕਿ ਮਾਨਸਿਕ, ਸਰੀਰਕ, ਜਾਂ ਸਮਾਜਿਕ ਵਿਸ਼ੇਸ਼ਤਾਵਾਂ ਵਜੋਂ ਇਸ ਹੱਦ ਤੱਕ ਦੂਜਿਆਂ ਤੋਂ ਵੱਖਰਾ ਹੁੰਦਾ ਹੈ, ਕਿ ਉਸ ਦੀ ਵੱਧ ਤੋਂ ਵੱਧ ਸਮਰਥਾ ਤੱਕ ਉਸਦੇ ਵਿਕਾਸ ਲਈ ਸਕੂਲ ਅਨੁਭਵਾਂ ਅਤੇ ਅਭਿਆਸਾਂ ਵਿਚ ਸੁਧਾਰ ਜਾਂ ਤਬਦੀਲੀ ਕਰਨ ਦੀ ਲੋੜ ਹੁੰਦੀ ਹੈ।'' ਅਸਲ ਵਿਚ 'ਵਿਸ਼ੇਸ਼' ਸ਼ਬਦ ਕਿਸੇ ਵੀ ਬੌਧਿਕ ਕਾਰਜ ਵਿਚ ਪ੍ਰਾਪਤੀ ਦੇ ਦੋਹਾਂ ਸਿਰਿਆਂ ਨੂੰ ਪ੍ਰਗਟਾਉਂਦਾ ਹੈ, ਜੋ ਕਿ ਸਿੱਖਿਅਕ ਪ੍ਰਾਪਤੀ ਦੇ ਇਕ ਜਾਂ ਵੱਧ ਵੱਖ ਵੱਖ ਪੱਖਾਂ/ਪਹਿਲੂਆਂ ਦੇ ਹਿਸਾਬ ਨਾਲ ਜਾਂ ਤਾਂ ਸਧਾਰਣ ਵਿਦਿਆਰਥੀਆਂ ਤੋਂ ਬਹੁਤ ਹੀ ਨੀਵੇਂ ਅਤੇ ਜਾਂ ਬਹੁਤ ਹੀ ਉੱਚੇ ਹੁੰਦੇ ਹਨ।

ਕ੍ਰੋ ਐਂਡ ਕ੍ਰੋ ਦਾ ਕਹਿਣਾ ਹੈ ਕਿ, ''ਵਿਸ਼ੇਸ਼ ਸ਼ਬਦ ਕਿਸੇ ਅਜਿਹੀ ਵਿਸ਼ੇਸ਼ਤਾ ਜਾਂ ਵਿਸ਼ੇਸ਼ਤਾ ਰੱਖਣ ਵਾਲੇ ਇਨਸਾਨ ਲਈ ਵਰਤਿਆ ਜਾਂਦਾ ਹੈ, ਜੇਕਰ ਇਸ ਵਿਸ਼ੇਸ਼ਤਾ ਦੀ ਸਧਾਰਣ ਪੱਧਰ ਤੋਂ ਇਤਨਾ ਅੰਤਰ ਹੋਵੇ, ਕਿ ਇਸ ਕਰਕੇ ਵਿਅਕਤੀ ਨੂੰ ਵਿਸ਼ੇਸ਼ ਧਿਆਨ ਦੀ ਲੋੜ ਹੋਵੇ, ਜਾਂ ਆਪਣੇ ਸਾਥੀਆਂ ਤੋਂ ਵਿਸ਼ੇਸ਼ ਧਿਆਨ ਪ੍ਰਾਪਤ ਕਰੇ, ਕਿ ਇਸ ਤੋਂ ਉਸਦਾ ਵਿਹਾਰ, ਪ੍ਰਤੀਕ੍ਰਿਆ ਅਤੇ ਕ੍ਰਿਆਵਾਂ ਪ੍ਰਭਾਵਤ ਹੋਣ।'' ਇਸ ਪਰਿਭਾਸ਼ਾ ਦੇ ਆਧਾਰ ਤੇ, ਇਨ੍ਹਾਂ ਬੱਚਿਆਂ ਨੂੰ ਨਿਮਨਲਿਖਤ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ:

### 2.4.3 ਵਿਸ਼ੇਸ਼ ਬੱਚਿਆਂ ਦੀਆਂ ਕਿਸਮਾਂ

(1) ਬੌਧਿਕ ਤੌਰ ਤੇ ਵਿਸ਼ੇਸ਼:
- √ ਜ਼ਹੀਨ ਅਤੇ ਸਿਰਜਨਾਤਮਕ
- √ ਹੌਲੀ ਸਿੱਖਣ ਵਾਲੇ
- √ ਪੜ੍ਹਾਉਣਯੋਗ ਮਾਨਸਿਕ ਪਛੜੇ ਬੱਚੇ
- √ ਬਹੁਤ ਜ਼ਿਆਦਾ ਮਾਨਸਿਕ ਪਛੜੇ ਬੱਚੇ

(2) ਸਰੀਰਕ ਤੌਰ ਤੇ ਵਿਸ਼ੇਸ਼
- √ ਤਰੁੱਟੀਪੂਰਨ ਬੋਲ
- √ ਤਰੁੱਟੀਪੂਰਨ ਸੁਣਨਯੋਗਤਾ
- √ ਲੰਗੜੇ
- √ ਜ਼ਖ਼ਮੀ ਦਿਮਾਗ

(3) ਭਾਵਨਾਤਕਮਕ ਤੌਰ ਤੇ ਵਿਸ਼ੇਸ਼ ਜਿਵੇਂ ਸ਼ਰਾਰਤੀ

(4) ਬਹੁ-ਅਪਾਹਿਜ-ਅਜਿਹੇ ਬੱਚੇ ਜਿਨ੍ਹਾਂ ਵਿਚ ਇਕ ਤੋਂ ਵੱਧ ਨੁਕਸ ਹਨ।

ਆਉ ਬੌਧਿਕ ਤੌਰ ਤੇ ਵਿਸ਼ੇਸ਼ ਬੱਚਿਆਂ ਬਾਰੇ ਅਧਿਐਨ ਕਰੀਏ, ਜੋ ਕਿ ਜ਼ਹੀਨ ਹਨ:

2.4.3.1 **ਜ਼ਹੀਨ/ਗੁਣਵੰਤੇ ਬੱਚੇ:** ਕਿਸੇ ਵੀ ਦੇਸ਼ ਦਾ ਭਵਿੱਖ ਜ਼ਹੀਨ ਬੱਚਿਆਂ ਤੇ ਨਿਰਭਰ ਕਰਦਾ ਹੈ। ਉਹ ਕਿਸੇ ਵੀ ਸਮਾਜ ਨੂੰ ਬਣਾ ਵੀ ਸਕਦੇ ਹਨ ਅਤੇ ਨਸ਼ਟ ਵੀ ਕਰ ਸਕਦੇ ਹਨ। ਵਿਗਿਆਨ ਅਤੇ ਤਕਨਾਲੋਜੀ ਵਿਚ ਤੇਜ਼ੀ ਨਾਲ ਆਉਣ ਵਾਲੀ ਤਬਦੀਲੀ ਕਰਕੇ ਸਮਾਜ ਵਿਚ ਆਈ ਤਬਦੀਲੀ ਕਰਕੇ ਸਾਨੂੰ ਚੰਗੀ ਅਗਵਾਈ ਅਤੇ ਰਾਹਨੁਮਾਈ ਦੀ ਲੋੜ ਹੈ, ਜੋ ਕਿ ਜ਼ਹੀਨ ਬੱਚਿਆਂ ਦੁਆਰਾ ਹੀ ਪ੍ਰਦਾਨ ਕੀਤੀ ਜਾ ਸਕਦੀ ਹੈ।

**ਜ਼ਹੀਨ/ਗੁਣਵੰਤ ਦਾ ਅਰਥ:** ਜ਼ਹੀਨਤਾ ਭਾਵ ਬੁੱਧੀਮਾਨਤਾ ਦੀ ਪਰਿਭਾਸ਼ਾ ਵੱਖ ਵੱਖ ਕੋਣਾਂ ਤੋਂ ਦਿੱਤੀ ਜਾਂਦੀ ਹੈ। ਕੁਝ ਮਨੋਵਿਗਿਆਨੀ ਉੱਚ ਬੁੱਧੀ ਪੱਧਰ ਤੇ ਜ਼ੋਰ ਦਿੰਦੇ ਹੋਏ, ਇਸ ਨੂੰ ਬੌਧਿਕ ਜ਼ਹੀਨਤਾ ਦਾ ਪੱਧਰ ਮੰਨਦੇ

ਹਨ, ਜਦੋਂ ਕਿ ਕੁਝ ਮਾਹਰ ਜੀਵਨ ਦੇ ਵੱਖ ਵੱਖ ਪਹਿਲੂਆਂ ਵਿਚ ਇਨਸਾਨ ਦੀ ਕਾਰਗੁਜ਼ਾਰੀ ਨੂੰ ਇਸ ਦੀ ਪਛਾਣ ਮੰਨਦੇ ਹਨ।

ਆਮ ਤੌਰ ਤੇ 130 ਤੋਂ ਵੱਧ ਬੁੱਧੀ ਫ਼ਲ ਵਾਲੇ ਬੱਚਿਆਂ ਨੂੰ ਜ਼ਹੀਨ ਬੱਚੇ ਮੰਨਿਆ ਜਾਂਦਾ ਹੈ। ਇਹ ਉਮੀਦ ਕੀਤੀ ਜਾਂਦੀ ਹੈ ਕਿ ਸਕੂਲ ਦੀ ਸਧਾਰਣ ਵਸੋਂ ਦੇ 2 ਫ਼ੀਸਦੀ ਤੋਂ ਵੱਧ ਬੱਚੇ ਜ਼ਹੀਨ ਬੱਚਿਆਂ ਦੇ ਘੇਰੇ ਵਿਚ ਨਹੀਂ ਆਉਂਦੇ। ਇਨ੍ਹਾਂ 2 ਪ੍ਰਤੀਸ਼ਤ ਵਿਚੋਂ ਬਹੁਤ ਘੱਟ ਬੱਚਿਆਂ ਦਾ ਬੁੱਧੀਫ਼ਲ 181 ਤੇ 190 ਦੇ ਵਿਚਕਾਰ ਹੁੰਦਾ ਹੈ। ਉਹ ਬੱਚੇ ਜੋ ਕਿ ਜ਼ਹੀਨ ਬੱਚਿਆਂ ਵਜੋਂ ਜਾਣੇ ਜਾਂਦੇ ਹਨ, ਅਕਸਰ ਸਕੂਲ ਪ੍ਰਬੰਧ ਲਈ ਸਮੱਸਿਆਵਾਂ ਪੈਦਾ ਕਰਦੇ ਹਨ।

ਅਜਿਹੇ ਬੱਚੇ ਸਧਾਰਣ ਪੱਧਰ ਦੇ ਸਧਾਰਣ ਬੱਚਿਆਂ ਤੋਂ ਕਿਤੇ ਵੱਧ ਯੋਗ ਅਤੇ ਸਮਰਥ ਹੁੰਦੇ ਹਨ। ਉਹ ਉਨ੍ਹਾਂ ਕਿਰਿਆਵਾਂ ਨੂੰ, ਜਿਹੜੀਆਂ ਉਨ੍ਹਾਂ ਨੂੰ ਦਿੱਤੀਆਂ ਜਾਣ, ਸਧਾਰਣ ਬੱਚਿਆਂ ਤੋਂ ਵੱਧ ਤੇਜ਼ੀ ਨਾਲ ਕਰ ਸਕਦੇ ਹਨ। ਆਮ ਤੌਰ ਤੇ ਜਦੋਂ ਸਧਾਰਣ ਸਕੂਲ ਕਮਰਿਆਂ ਵਿਚ ਉਹਨਾਂ ਆਮ ਪੱਧਰ ਜਾਂ ਆਮ ਪੱਧਰ ਤੋਂ ਨਿਮਨ ਪੱਧਰ ਦੇ ਬੱਚਿਆਂ ਨਾਲ ਬੈਠ ਕੇ ਜਾਂ ਕੰਮ ਕਰਕੇ ਅਰੋਚਿਕਤਾ ਜਾਂ ਬੋਰੀਅਤ ਮਹਿਸੂਸ ਕਰਦੇ ਹਨ। ਉਹ ਸਕੂਲ ਕਾਰਜ ਵਿਚ ਕੋਈ ਖਾਸ ਰੁਚੀ ਨਹੀਂ ਵਿਖਾਉਂਦੇ ਅਤੇ ਅਕਸਰ ਅਣਇੱਛਤ ਕਾਰਜਾਂ ਵਿਚ ਰੁਚੀ ਦਿਖਾਉਣ ਲੱਗਦੇ ਹਨ। ਉਹ ਵਿਹਲ, ਬੇ ਚੈਨੀ, ਬੇਆਰਾਮੀ ਉਤੇ ਸ਼ਰਾਰਤ ਦੇ ਚਿੰਨ੍ਹ ਦਿਖਾਉਣ ਲੱਗਦੇ ਹਨ। ਅਜਿਹੇ ਬੱਚਿਆਂ ਦੀ ਸਮੱਸਿਆ ਦਾ ਹੱਲ ਕਰਨ ਲਈ ਜ਼ਰੂਰੀ ਹੈ ਕਿ ਉਨ੍ਹਾਂ ਨੂੰ ਤੇਜ਼ੀ ਨਾਲ ਤਰੱਕੀ ਦਿੱਤੀ ਜਾਵੇ।

ਅਜਿਹੇ ਬੱਚਿਆਂ ਨੂੰ ਛੋਟੇ ਪੱਧਰ ਅਤੇ ਗਰੇਡ ਦੇ ਬੱਚਿਆਂ ਤੋਂ ਵੱਧ ਤੇਜ਼ੀ ਨਾਲ ਕਾਰਜ ਕਰਨ ਦੇ ਮੌਕੇ ਮੁਹੱਈਆ ਕਰਨ ਦੀ ਲੋੜ ਹੈ। ਇਸ ਲਈ ਉਨ੍ਹਾਂ ਨੂੰ ਆਪਣੀ ਉਮਰ ਤੋਂ ਵੱਧ ਉਮਰ ਦੇ ਬੱਚਿਆਂ ਨਾਲ ਪੜ੍ਹਨਾ ਪਵੇ ਗਾ। ਭਾਵੇਂ ਕਿ ਉਹ ਸਮਝ ਅਤੇ ਬੁੱਧੀ ਪੱਧਰ ਤੇ ਵੱਡੀ ਉਮਰ ਦੇ ਬੱਚਿਆਂ ਦੇ ਸਮਾਨ ਹੁੰਦੇ ਹਨ, ਪਰ ਉਹ ਸਰੀਰਕ ਅਤੇ ਖੇਡਾਂ ਜਾਂ ਅਥਲੈਟਿਕਸ ਆਦਿ ਦੀਆਂ ਈਵੈਂਟਾਂ ਵਿਚ ਉਨ੍ਹਾਂ ਦਾ ਮੁਕਾਬਲਾ ਨਹੀਂ ਕਰ ਸਕਦੇ। ਉਹ ਅਗਵਾਈ ਜਾਂ ਰਾਹਨੁਮਾਈ ਕਰਨ ਦਾ ਅਵਸਰ ਵੀ ਪ੍ਰਾਪਤ ਨਹੀਂ ਕਰ ਸਕਦੇ, ਕਿਉਂ ਕਿ ਉਹ ਤਾਂ ਆਪਣੀ ਉਮਰ ਦੇ ਬੱਚਿਆਂ ਵਿਚਕਾਰ ਰਹਿ ਕੇ ਹੀ ਆਪਣੇ ਅਗਵਾਈ ਜਾਂ ਹੋਰ ਅਜਿਹੇ ਗੁਣ ਵਿਖਾ ਅਤੇ ਵਿਕਸਤ ਕਰ ਸਕਦੇ ਹਨ। ਇਸ ਤਰ੍ਹਾਂ ਉਨ੍ਹਾਂ ਦੇ ਸਮਾਜਿਕ ਸਮਾਯੋਜਨ ਨੂੰ ਧੱਕਾ ਪੁੱਜਦਾ ਹੈ। ਵੱਡੇ ਬੱਚੇ ਉਨ੍ਹਾਂ ਦਾ ਮਜ਼ਾਕ ਉਡਾ ਸਕਦੇ ਹਨ, ਕਿਉਂਕਿ ਉਹ ਸਰੀਰਕ ਤੌਰ ਤੇ ਛੋਟੇ ਹੁੰਦੇ ਹਨ। ਇਨ੍ਹਾਂ ਕਾਰਨਾਂ ਕਰਕੇ ਹੀ ਜ਼ਹੀਨ ਬੱਚਿਆਂ ਦੀ ਸਿੱਖਿਆ ਨਾਲ ਸਿੱਖਿਅਕਾਂ ਨੂੰ ਬਹੁਤ ਗੰਭੀਰ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

**2.4.3.2 ਜ਼ਹੀਨ/ਗੁਣਵੰਤ ਬੱਚਿਆਂ ਦੀ ਪਛਾਣ:** ਜ਼ਿਆਦਾਤਰ ਗਿਣਤੀ ਵਿਚ ਜ਼ਹੀਨ ਬੱਚੇ ਤਾਂ ਅਸਧਾਰਣ ਯੋਗਤਾ ਅਤੇ ਪ੍ਰਾਪਤੀ ਵਾਲੇ ਪਰਿਵਾਰਾਂ ਵਿਚ ਪੈਦਾ ਹੁੰਦੇ ਹਨ। ਮਨੋਵਿਗਿਆਨੀਆਂ ਅਨੁਸਾਰ ਅਜਿਹੇ ਬੱਚਿਆਂ ਦੀ ਪਛਾਣ ਕਰਨੀ ਖਾਲਾ ਜੀ ਦਾ ਵਾੜਾ ਨਹੀਂ ਹੈ। ਮਾਪਿਆਂ ਨੂੰ ਅਜਿਹੇ ਬੱਚਿਆਂ ਦੀ ਜਮਾਤ ਵਿਚ ਕਾਰਗੁਜ਼ਾਰੀ ਤੋਂ ਪਛਾਣ ਕਰਦੇ ਹਨ। ਜਮਾਤ ਵਿਚ ਜ਼ਹੀਨ ਬੱਚਿਆਂ ਦੀ ਪਛਾਣ ਕਰਨ ਲਈ ਬੌਧਿਕਤਾ, ਸਿੱਖਣ, ਹੁਨਰ, ਸਿਰਜਨਾਤਮਕਤ ਅਤੇ ਰੁਝਾਨ ਪ੍ਰੀਖਣਾਂ ਦੀ ਮਦਦ ਲਈ ਜਾ ਸਕਦੀ ਹੈ। ਪਰ, ਤਕਨੀਕੀ ਤੌਰ ਤੇ ਅਜਿਹੇ ਬੱਚਿਆਂ ਦੀ ਪਛਾਣ ਲਈ ਨਿਮਨਲਿਖਤ ਵਿਸ਼ੇਸ਼ਤਾਵਾਂ ਵਾਲੇ ਬੱਚਿਆਂ ਨੂੰ ਜ਼ਹੀਨ ਬੱਚੇ ਕਿਹਾ ਜਾ ਸਕਦਾ ਹੈ:

**ਸਰੀਰਕ ਵਿਸ਼ੇਸ਼ਤਾਵਾਂ :**

(1) ਹੋਲਿੰਗਵਰਥ, ਟਰਮਨ ਅਤੇ ਸਾਥੀਆਂ ਦਾ ਵਿਸ਼ਵਾਸ਼ ਹੈ ਕਿ ਜ਼ਹੀਨ ਬੱਚੇ ਸਰੀਰਕ ਤੌਰ ਤੇ ਚੰਗੀ ਤਰ੍ਹਾਂ ਵਿਕਸਤ ਨਹੀਂ ਹੁੰਦੇ। ਉਹ ਨਿਮਨ-ਆਕਾਰੀ, ਨਹੀਂ ਸਗੋਂ ਵਧੀਆ ਸਰੀਰ ਅਤੇ ਸਿਹਤ ਦੇ ਮਾਲਕ ਹੁੰਦੇ ਹਨ।

(2) ਉਨ੍ਹਾਂ ਦੀਆਂ ਗਿਆਨ ਇੰਦਰੀਆਂ ਬਹੁਤ ਤੇਜ਼ ਹੁੰਦੀਆਂ ਹਨ।

(3) ਅਜਿਹੇ ਬੱਚੇ ਬੈਠਣਾ, ਖੜਨਾ, ਤੁਰਣਾ, ਰਿੜਣਾ, ਦੰਦ ਕੱਢਣਾ ਅਤੇ ਬੋਲਣਾ, ਸਧਾਰਣ ਸ਼ਖਸ਼ਾਂ/ਵਿਅਕਤੀਆਂ/ਬੱਚਿਆਂ ਤੋਂ ਛੇਤੀ ਸਿੱਖ ਜਾਂਦੇ ਹਨ।

**ਬੌਧਿਕ ਵਿਸ਼ੇਸ਼ਤਾਵਾਂ**

(1) ਇਨ੍ਹਾਂ ਦੀ ਉੱਚੇ ਪੱਧਰ ਦੀ ਬੁੱਧੀ ਹੁੰਦੀ ਹੈ। ਜਦੋਂ ਇਸ ਉੱਚਤਾ ਨੂੰ ਨਾ ਪਹਿਚਾਣਿਆ ਜਾਵੇ, ਤਾਂ ਅਜਿਹੇ ਬੱਚੇ ਸ਼ੇਖ਼ੀ ਵਾਲਾ ਵਤੀਰਾ ਅਪਣਾ ਲੈਂਦੇ ਹਨ।

(2) ਅਜਿਹੇ ਬੱਚਿਆਂ ਵਿਚ ਸੰਗਠਨ ਕਰਨ, ਵਿਸ਼ਲੇਸ਼ਣ ਕਰਨ, ਯਾਦ ਕਰਨ, ਕਲਪਨਾ ਕਰਨ, ਤਰਕ-ਵਿਤਰਕ

ਕਰਨ, ਨਿਰਣਾ ਲੈਣ, ਅਤੇ ਸ਼ੁੱਧਤਾ ਨਾਲ ਮੁੜ ਵਿਚਾਰ ਦੱਸਣ ਦੀ ਯੋਗਤਾ ਆਮ ਸਧਾਰਣ ਵਿਅਕਤੀਆਂ ਤੋਂ ਕਈ ਗੁਣਾਂ ਵੱਧ ਹੁੰਦੀ ਹੈ।

(3) ਅਜਿਹੇ ਬੱਚੇ ਬੜੀ ਤੇਜ਼ੀ ਨਾਲ ਸਿੱਖਦੇ ਅਤੇ ਸਮਝਦੇ ਹਨ।

(4) ਅਜਿਹੇ ਵਿਦਿਆਰਥੀਆਂ ਦਾ ਸਵੈ-ਪ੍ਰਗਟਾਉ ਬਹੁਤ ਉੱਚੇ ਪੱਧਰ ਦਾ ਹੁੰਦਾ ਹੈ, ਅਤੇ ਇਹ ਤੇਜ਼ ਅਤੇ ਸ਼ਪੱਸ਼ਟ ਹੁੰਦਾ ਹੈ।

(5) ਅਜਿਹੇ ਬੱਚਿਆਂ ਕੋਲ ਚੰਗਾ ਸ਼ਬਦ-ਭੰਡਾਰ ਹੁੰਦਾ ਹੈ।

(6) ਅਜਿਹੇ ਬੱਚਿਆਂ ਦੇ ਵਿਭਿੰਨ ਅਤੇ ਵਿਸ਼ਾਲ ਸ਼ੌਂਕ ਹੁੰਦੇ ਹਨ। ਉਹ ਕਿਤਾਬਾਂ, ਮੈਗਜੀਨ, ਸ਼ਬਦਕੋਸ਼, ਵਿਸ਼ਵਕੋਸ਼ ਅਤੇ ਅਖ਼ਬਾਰ ਪੜਣੇ ਪਸੰਦ ਕਰਦੇ ਹਨ। ਉਨ੍ਹਾਂ ਨੂੰ ਕਲਾ, ਭਾਸ਼ਾ, ਚਿਤਰਕਾਰੀ, ਸੰਗੀਤ, ਗਣਿਤ, ਡਾਕ ਟਿਕਟਾਂ ਸੰਗ੍ਰਹਿਕਾਰੀ, ਪੱਤੇ, ਤਸਵੀਰਾਂ ਇਕਤਰ ਕਰਨਾ ਤੇ ਫੋਟੋਗ੍ਰਾਫੀ, ਚਾਕ ਬਣਾਉਣਾ, ਮੋਮਬੱਤੀਆਂ ਆਦਿ ਬਣਾਉਣ ਵਰਗੀਆਂ ਵਿਗਿਆਨਕ ਰੁਚੀਆਂ ਦੇ ਮਾਲਕ ਹੋ ਸਕਦੇ ਹਨ।

ਟਰਮਨ ਅਤੇ ਹੋਲਿੰਗਵਰਥ ਦਾ ਕਥਨ/ਦਾਅਵਾ ਹੈ ਕਿ ਜ਼ਹੀਨ ਬੱਚੇ ਸਥੂਲ ਦੀ ਥਾਂ ਸੂਖਮ ਅਤੇ ਆਸਾਨ ਦੀ ਥਾਂ ਮੁਸ਼ਕਲ ਕੰਮ ਕਰਕੇ ਵੱਧ ਖੁਸ਼ ਹੁੰਦੇ ਹਨ।

**ਭਾਵਨਾਤਮਕ ਵਿਸ਼ੇਸ਼ਤਾਵਾਂ:** ਕਿਉਂਕਿ ਜ਼ਹੀਨ ਬੱਚਿਆਂ ਵਿਚ ਸੰਗਠਨ ਕਰਨ, ਵਿਸ਼ਲੇਸ਼ਣ ਕਰਨ, ਯਾਦ ਕਰਨ, ਕਲਪਨਾ ਕਰਨ, ਤਰਕ ਲੈਣ, ਸੋਚਣ, ਨਿਰਣਾ ਲੈਣ ਅਤੇ ਸਮਾਯੋਜਨ ਕਰਨ ਦੀ ਵੱਧ ਯੋਗਤਾ ਹੁੰਦੀ ਹੈ, ਇਸ ਲਈ ਉਹ ਭਾਵਨਾਤਮਕ ਸਥਿਰਤਾ ਪ੍ਰਾਪਤ ਕਰਨ ਦੀ ਕੋਸ਼ਿਸ਼ ਵਿਚ ਗਤੀਸ਼ੀਲ ਜਾਂ ਸਰਗਰਮ ਭਾਗੀਦਾਰ ਬਣਦੇ ਹਨ। ਪਰ ਇਸਦਾ ਇਹ ਮਤਲਬ ਨਹੀਂ ਕਿ ਉਹ ਗੁੱਸੇਖੋਰ ਨਹੀਂ ਹੁੰਦੇ। ਉਨ੍ਹਾਂ ਵਿਚ ਕੁਝ ਨਾਂਹ-ਪੱਖੀ ਭਾਵਨਾਤਮਕ ਵਿਸ਼ੇਸ਼ਤਾਵਾਂ ਵੀ ਹੁੰਦੀਆਂ ਹਨ।

**ਸਮਾਜਿਕ ਵਿਸ਼ੇਸ਼ਤਾਵਾਂ:**

(1) ਸਮਾਜਿਕ ਤੌਰ ਤੇ ਅਜਿਹੇ ਬੱਚੇ ਸਮੂਹ ਵਿਚ ਵੱਧ ਲੋਕਪ੍ਰਿਅ ਤੇ ਪਰਿਪੱਕ ਹੁੰਦੇ ਹਨ ਚੂੰਕਿ ਉਹ ਵੱਧ ਚੁਸਤ, ਖੁਸ਼, ਦਿਆਲੂ, ਉਦਾਰਚਿੱਤ, ਇਮਾਨਦਾਰ ਹੁੰਦੇ ਹਨ।

(2) ਅਕਸਰ ਅਜਿਹੇ ਬੱਚਿਆਂ ਦੀ ਦੋਸਤੀ ਆਪਣੇ ਤੋਂ ਵੱਡੀ ਉਮਰ ਦੇ ਬੱਚਿਆਂ ਨਾਲ ਹੁੰਦੀ ਹੈ, ਪਰ ਉਹ ਆਪਣੇ ਪੱਧਰ ਦੇ ਬੱਚਿਆਂ ਨਾਲ ਖੇਡਣਾ/ਮਿਲਣਾ-ਜੁਲਣਾ ਪਸੰਦ ਕਰਦੇ ਹਨ।

(3) ਉਹ ਅਕਸਰ ਘਰ, ਸਕੂਲ ਤੇ ਸਮਾਜ ਦੇ ਕੰਮਾਂ ਵਿਚ ਵੱਧ ਚੜ੍ਹ ਕੇ ਰੁਚੀ ਲੈਂਦੇ ਹਨ ਅਤੇ ਕੰਮ ਹਾਸਲ ਕਰਕੇ, ਜ਼ਿੰਮੇਵਾਰੀ ਦੀ ਭਾਵਨਾ ਨਾਲ ਉਸ ਨੂੰ ਨਿਭਾ ਕੇ ਖੁਸ਼ ਹੁੰਦੇ ਹਨ।

**ਨਾਂਹ-ਪੱਖੀ ਵਿਸ਼ੇਸ਼ਤਾਈਆਂ:**

(1) ਅਜਿਹੇ ਬੱਚੇ ਬੇਚੈਨ, ਬੇਧਿਆਨੇ ਤੇ ਦਖ਼ਲ ਅੰਦਾਜੀ ਕਰਨ ਵਾਲੇ ਹੁੰਦੇ ਹਨ।

(2) ਜੇ ਸ਼੍ਰੇਣੀ ਕਮਰੇ ਦਾ ਕੰਮ ਉਨ੍ਹਾਂ ਨੂੰ ਚੰਗਾ ਨਾ ਲਗੇ, ਤਾਂ ਉਹ ਕੋਈ ਪ੍ਰਤੀਕ੍ਰਿਆ ਨਹੀਂ ਦਿੰਦੇ।

(3) ਉਹ ਆਪਣਾ ਤੇ ਦੂਜਿਆਂ ਦੇ ਸਾਹਮਣੇ ਬਿਨਾਂ ਸੋਚੇ ਸਮਝੇ ਅਲੋਚਨਾ ਕਰ ਦਿੰਦੇ ਹਨ।

(4) ਅਜਿਹੇ ਬੱਚੇ ਘਮੰਡੀ ਅਤੇ ਈਰਖਾਲੂ ਹੁੰਦੇ ਹਨ।

(5) ਹੱਥ ਲਿਖਤ ਵਿਚ ਅਸਾਵਧਾਨ ਹੋਣ ਕਰਕੇ ਇਨ੍ਹਾਂ ਦੇ ਸ਼ਬਦ-ਜੋੜ ਗਲਤ ਹੋ ਜਾਂਦੇ ਹਨ।

**2.4.3.3 ਜ਼ਹੀਨ ਬੱਚਿਆਂ ਦੀ ਸਿੱਖਿਆ:** ਸਿੱਖਿਅਕਾਂ ਦੀ ਸਭ ਤੋਂ ਵੱਡੀ ਸਮੱਸਿਆ ਤਾਂ ਜ਼ਹੀਨ ਬੱਚਿਆਂ ਨੂੰ ਪੜ੍ਹਾਉਣਾ ਹੈ। ਉਨ੍ਹਾਂ ਦੀ ਸਿੱਖਿਆ ਲਈ ਬੱਚਿਆਂ ਨੂੰ ਅਜਿਹਾ ਵਿਸ਼ੇਸ਼ ਕਿਸਮ ਦਾ ਮਾਹੌਲ ਪ੍ਰਦਾਨ ਕਰਨ ਦੀ ਲੋੜ ਹੁੰਦੀ ਹੈ। ਜਿਸ ਵਿਚ ਉਹਨ੍ਹਾਂ ਦੇ ਸਭ ਗੁਣ ਵਿਕਸਤ ਹੋ ਸਕਣ। ਇਸ ਤਰ੍ਹਾਂ ਅਧਿਆਪਕਾਂ, ਪਾਠਕ੍ਰਮ, ਕਿਤਾਬਾਂ, ਅਧਿਆਪਨ ਢੰਗਾਂ ਅਤੇ ਅਨੁਕੂਲ ਵਾਤਾਵਰਣ ਦੀ ਚੋਣ, ਤੇ ਧਿਆਨ ਕੇਂਦਰਤ ਕੀਤਾ ਜਾਣਾ ਚਾਹੀਦਾ ਹੈ।

ਉੱਘੇ ਮਨੋਵਿਗਿਆਨੀ ਡੱਰਰ **(Durr)** ਦੇ ਅਨੁਸਾਰ ਨਿਮਨਲਿਖਤ ਚਾਰ (ਅਸਲ ਵਿਚ ਦਸ) ਸਿਧਾਂਤਾਂ ਦੇ ਆਧਾਰ ਤੇ ਅਜਿਹੇ ਬੱਚਿਆਂ ਨੂੰ ਸਿੱਖਿਆ ਦੇਣੀ ਚਾਹੀਦੀ ਹੈ:

(1) ਜ਼ਹੀਨ ਬੱਚਿਆਂ ਲਈ ਕਾਰਜਕ੍ਰਮ ਨੂੰ ਸਧਾਰਣ ਸਿੱਖਿਅਕ ਨਿਸ਼ਾਨਿਆਂ ਦੀ ਪ੍ਰਤੀਨਿਧਤਾ ਕਰਨੀ ਚਾਹੀਦੀ ਹੈ।

(2) ਅਜਿਹੇ ਪ੍ਰੋਗਰਾਮ ਨੂੰ ਇਕ ਉਤੇਜਿਤ ਸਿੱਖਣ ਮਾਹੌਲ ਸਿਰਜਣਾ ਚਾਹੀਦਾ ਹੈ।

(3) ਅਜਿਹੇ ਕਾਰਜਕ੍ਰਮ/ਪ੍ਰੋਗਰਾਮ ਨੂੰ ਸਿਰਜਨਾਤਮਕ ਯੋਗਤਾ, ਸੂਝ ਅਤੇ ਸਮਾਜਿਕ ਜ਼ਿੰਮੇਵਾਰੀ ਤੇ ਵਿਸ਼ੇਸ਼ ਜ਼ੋਰ ਦੇਣਾ ਚਾਹੀਦਾ ਹੈ।

(4) ਅਜਿਹੇ ਕਾਰਜਕ੍ਰਮ ਨੂੰ ਮੂਲ ਹੁਨਰ, ਗਿਆਨ ਅਤੇ ਪ੍ਰਸੰਸਾ ਨੂੰ ਉਤਸ਼ਾਹਤ ਕਰਨਾ ਚਾਹੀਦਾ ਹੈ। ਅਧਿਆਪਕ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਹੈ ਕਿ ਜ਼ਹੀਨ ਬੱਚਿਆਂ ਨੂੰ ਵੀ ਸਧਾਰਣ ਬੱਚਿਆਂ ਦੇ ਵਾਂਗ ਭਾਸ਼ਾ ਅਤੇ ਜੋੜ ਘਟਾਓ ਲਈ ਖਾਸ ਮੂਲ ਅਤੇ ਜ਼ਰੂਰੀ ਸਮਰਥਾਵਾਂ ਵਿਕਸਤ ਕਰਨ ਲਈ ਮਦਦ ਦੀ ਲੋੜ ਹੁੰਦੀ ਹੈ ਤਾਂ ਜੋ ਉਹ ਵੀ ਸਮਾਜ ਦੇ ਵਿਚ ਪ੍ਰਭਾਵਸ਼ਾਲੀ ਢੰਗ ਨਾਲ ਜੀ ਸਕਣ। ਇਹ ਸਭ ਹੁਨਰ ਸਿਖਾਉਣ ਲਈ ਨੀਰਸ ਢੰਗ ਵਰਤਣ ਦੀ ਥਾਂ ਦਿਲਚਸਪ ਢੰਗ ਤਰੀਕੇ ਵਰਤੇ ਜਾਣੇ ਚਾਹੀਦੇ ਹਨ।

(5) ਜ਼ਹੀਨ ਬੱਚਿਆਂ ਨੂੰ ਤੇਜ਼ੀਕ੍ਰਿਤ ਤਰੱਕੀ ਦੇਣ ਦੀਆਂ ਸੰਭਾਂਵਨਾਵਾਂ ਤਲਾਸ਼ਣ ਦੀ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ। ਪਰ ਅਜਿਹਾ ਕਰਨ ਤੋਂ ਪਹਿਲਾਂ ਬੱਚੇ ਦੀ ਗੈਰ-ਬੌਧਿਕ ਖ਼ੇਤਰਾਂ ਵਿਚ ਕਾਰਗੁਜ਼ਾਰੀ ਜਾਂ ਪਰਿਪੱਕਤਾ ਨੂੰ ਧਿਆਨ ਵਿਚ ਰੱਖਣਾ ਲਾਜ਼ਮੀ ਅਤੇ ਜ਼ਰੂਰੀ ਹੈ।

(6) ਬੱਚੇ ਨੂੰ ਲੇਟਵੀਂ ਜਾਂ ਖੜਵੀਂ ਅਮੀਰੀ ਪ੍ਰਦਾਨ ਕਰੋ। ਲੇਟਵੀਂ ਅਮੀਰੀ ਦਾ ਭਾਵ ਇਹ ਹੈ ਕਿ ਤੇਜ਼ੀ ਨਾਲ ਸਿੱਖਣ ਵਾਲੇ ਬੱਚੇ, ਜਿਸ ਨੇ ਆਪਣੀ ਕੰਮ ਸੌਂਪਣੀ ਦੂਜਿਆਂ ਦੇ ਮੁਕਾਬਲੇ ਛੇਤੀ ਮੁਕੰਮਲ ਕਰ ਲਈ ਹੋਵੇ, ਨੂੰ ਉਸ ਔਖਿਆਈ ਪੱਧਰ ਦਾ ਵੱਧ ਕਾਰਜ ਦਿੱਤਾ ਜਾਵੇ। ਖੜ੍ਹਵੀਂ ਅਮੀਰੀ ਵਿਚ ਉਸੇ ਸਧਾਰਣ ਤਰ੍ਹਾਂ ਜਾਂ ਤਰੀਕੇ ਦਾ ਵੱਡੇ ਪੱਧਰ ਦਾ ਕਾਰਜ ਦਿੱਤਾ ਜਾਵੇ।

(7) ਜ਼ਹੀਨ ਬੱਚਿਆਂ ਨੂੰ ਵਿਅਕਤੀਗਤ ਅਧਿਐਨ ਪ੍ਰੋਜੈਕਟ ਲੈਣ ਲਈ ਉਤਸ਼ਾਹਤ ਕੀਤਾ ਜਾਵੇ। ਅਜਿਹੇ ਪ੍ਰੋਜੈਕਟ ਸਿੱਖਣ ਠੇਕੇ ਦੇ ਤੌਰ ਤੇ ਹੋ ਸਕਦੇ ਹਨ। ਮਿਸਾਲ ਵਜੋਂ ਜਾਪਾਨ ਵਿਚ ਪੜ੍ਹਣ ਸਮੇਂ ਅਧਿਆਪਕ ਜ਼ਹੀਨ ਬੱਚਿਆਂ ਨੂੰ ਜਾਪਾਨੀ ਕਾਰਖਾਨਿਆਂ ਜਾਂ ਪਰਿਵਾਰਕ ਬਣਤਰ ਨਾਲ ਸੰਬੰਧਤ ਪ੍ਰੋਜੈਕਟ ਦਿੰਦਾ ਹੈ।

(8) ਬੱਚਿਆਂ ਨੂੰ ਨਾਲੋ ਨਾਲ ਪੜ੍ਹਣ ਅਤੇ ਲਿਖਣ ਲਈ ਉਤਸ਼ਾਹਤ ਕਰੋ।

(9) ਬੱਚਿਆਂ ਵਿਚ ਸਿਰਜਨਾਤਮਕ ਰੁਚੀਆਂ ਅਤੇ ਸ਼ੌਂਕ ਉਤਪੰਨ ਅਤੇ ਵਿਕਸਤ ਕਰੋ।

(10) ਜੇਕਰ ਅਜਿਹੇ ਬੱਚਿਆਂ ਦੀ ਮਦਦ ਕਰਨ ਲਈ ਸਮਾਜ ਵਿਚੋਂ ਕੋਈ ਸਾਹਮਣੇ ਆਉਂਦਾ ਹੈ ਤਾਂ ਉਸ ਨੂੰ ਇਸ ਦਾ ਮੌਕਾ ਦੇਵੋ ਅਤੇ ਬੱਚਿਆਂ ਦੇ ਸੰਬੰਧ ਅਜਿਹੇ ਕਲਿਆਣਕਾਰੀ ਮਨੁੱਖਾਂ ਨਾਲ ਵੱਧਣ ਦੇਵੋ।

ਕੁਝ ਸਿੱਖਿਆ ਸ਼ਾਸ਼ਤਰੀਆਂ ਦਾ ਕਹਿਣਾ ਹੈ ਕਿ ਜ਼ਹੀਨ ਬੱਚਿਆਂ ਨੂੰ ਆਮ ਪੱਧਰ ਦੇ ਬੱਚਿਆਂ ਤੋਂ ਵੱਖਰਾ ਰੱਖਣਾ ਚਾਹੀਦਾ ਹੇ। ਅਜਿਹੇ ਬੱਚਿਆਂ ਲਈ ਪਿੰਡਾਂ ਅਤੇ ਸਕੂਲਾਂ ਵਿਚ ਵੱਖਰੇ ਪ੍ਰਬੰਧ ਕੀਤੇ ਜਾਣ। ਪਰ ਅਜਿਹਾ ਕਰਨਾ ਬਹੁਤ ਹੀ ਔਖਾ ਹੈ ਕਿਉਂਕਿ ਪਿੰਡਾਂ ਵਿਚ ਤਾਂ ਸਕੂਲਾਂ ਵਿਚ ਵੈਸੇ ਵੀ ਬਹੁਤ ਥੋੜੇ ਥੋੜ੍ਹੇ ਵਿਦਿਆਰਥੀ ਹੀ ਹੁੰਦੇ ਹਨ ਅਤੇ ਬਲਾਕ ਪੱਧਰ ਤੇ ਅਜਿਹੇ ਵਿਦਿਆਰਥੀਆਂ ਲਈ ਸਿੱਖਿਆ ਦਾ ਵੱਖਰਾ ਪ੍ਰਬੰਧ ਕਰਨਾ ਖਾਲਾ ਜੀ ਦਾ ਵਾੜਾ ਨਹੀਂ ਹੈ। ਵੱਡੇ ਸ਼ਹਿਰਾਂ ਵਿਚ ਫਿਰ ਵੀ ਹਰ ਉਮਰ ਦੇ ਗਰੇਡ ਪੱਧਰ ਤੇ ਅਜਿਹੇ ਵਿਦਿਆਰਥੀਆ ਲਈ ਵਿਸ਼ੇਸ਼ ਜਮਾਤਾਂ ਦਾ ਪ੍ਰਬੰਧ ਕੀਤਾ ਜਾ ਸਕਦਾ ਹੈ।

### 2.4.4 ਸ਼ਰਾਰਤੀ/ਅਪਚਾਰੀ ਬੱਚੇ:

ਸਮਾਜ-ਵਿਰੋਧੀ ਵਿਵਹਾਰ ਦੀਆਂ ਘਟਨਾਵਾਂ ਦੀ ਤੀਬਰਤਾ ਅਤੇ ਗਿਣਤੀ ਵਿਚ, ਪਿਛਲੇ ਕੁਝ ਸਾਲਾਂ ਦੌਰਾਨ ਭਾਰੀ ਵਾਧਾ ਹੋਇਆ ਹੈ। ਦਸ ਤੋਂ 17-18 ਸਾਲ ਦੀ ਆਯੂ ਪੱਧਰ ਦੇ ਬੱਚੇ ਅਜਿਹੇ ਅਨੇਕ ਕੰਮ ਕਰਦੇ ਹਨ। ਹਜ਼ਾਰਾਂ ਦੀ ਗਿਣਤੀ ਵਿਚ ਗੁਮਰਾਹ ਹੋਏ ਬੱਚੇ ਅਜਿਹੇ ਮਾੜੇ ਕੰਮਾਂ ਵਿਚ ਪੈ ਕੇ ਆਪਣੀ ਜ਼ਿੰਦਗੀ ਤਬਾਹ ਕਰਨ ਦੇ ਨਾਲ ਨਾਲ ਕੌਮ ਦੀ ਬਰਬਾਦੀ ਲਈ ਵੀ ਜ਼ਿੰਮੇਵਾਰ ਬਣ ਰਹੇ ਹਨ। ਰਾਸ਼ਟਰੀ ਸਮਾਨ ਦੀ ਖਰਾਬੀ ਤੋਂ ਬਚਣ ਲਈ ਕਈ ਕੁਝ ਕਰਨਾ ਪਵੇਗਾ। ਅਜਿਹੇ ਬੱਚਿਆਂ ਨਾਲ ਸੰਬੰਧਤ ਸਭ ਇਨਸਾਨ, ਜਿਨਾਂ ਵਿਚ ਇਨ੍ਹਾਂ ਦੇ ਮਾਪੇ, ਅਧਿਆਪਕ ਤੇ ਜ਼ਿੰਮੇਵਾਰ ਸਮਾਜਿਕ ਕਾਰਜ-ਕਰਤਾ ਸ਼ਾਮਲ ਹਨ ਅਤੇ ਅਜਿਹੇ ਬੱਚਿਆਂ ਦੀ ਸ਼ਖਸ਼ੀਅਤ ਵਿਚ ਨਿਖਾਰ ਲਈ ਜ਼ਿੰਮੇ ਵਾਰ ਹੁੰਦੇ ਹਨ ਨੂੰ ਸ਼ਰਾਰਤ ਕਰਨ ਦੇ ਕਾਰਣਾਂ ਤੇ ਹੋਰ ਕਾਰਕਾਂ ਬਾਰੇ ਚੰਗੀ ਜਾਣਕਾਰੀ ਹੋਣੀ ਜ਼ਰੂਰੀ ਹੈ, ਤਾਂ ਜੋ ਸਮੇਂ ਸਿਰ ਸਹੀ ਕਦਮ ਉਠਾ ਕੇ ਇਸ ਮਾੜੇ ਰੁਝਾਨ ਨੂੰ ਨਕੇਲ ਪਾਈ ਜਾ ਸਕੇ।

ਹੈਡਫੀਲਡ ਨੇ ਸ਼ਰਾਰਤ ਨੂੰ ਗੈਰ-ਸਮਾਜੀ ਵਿਵਹਾਰ ਵਜੋਂ ਪਰਿਭਾਸ਼ਤ ਕੀਤਾ ਹੈ। ਇਹ ਇਕ ਅਜਿਹਾ ਵਿਵਹਾਰ ਹੈ

ਜੋ ਕਿ ਪ੍ਰਕ੍ਰਿਤੀ ਵਜੋਂ ਅਸਮਾਜਿਕ ਹੁੰਦਾ ਹੈ। ਸ਼ਾਬਦਿਕ ਤੌਰ ਤੇ, ਸ਼ਰਾਰਤ ਦਾ ਅਰਥ ਸਧਾਰਣ ਰਸਤੇ ਤੋਂ ਭਟਕਣਾ ਜਾਂ ਪਾਸੇ ਜਾਣਾ ਹੁੰਦਾ ਹੈ। ਪਰ 'ਬਚਕਾਨਾ ਸ਼ਰਾਰਤ' ਵਿਚ ਉਨ੍ਹਾਂ ਕਿਸ਼ੋਰਾਂ ਨੂੰ ਸ਼ਾਮਲ ਕੀਤਾ ਜਾਂਦਾ ਹੈ, ਜੋ ਕਿ ਐਡੇ ਕੁ ਜ਼ਰੂਰ ਹੋਣ ਕਿ ਉਨ੍ਹਾਂ ਨੂੰ ਜੀਵਨੈਲ ਅਦਾਲਤ ਵਿਚ ਪੇਸ਼ ਕੀਤਾ ਜਾ ਸਕੇ। ਮਨੋਵਿਗਿਆਨਕ ਤੌਰ ਤੇ ਅਜਿਹੀ ਅਦਾਲਤ ਵਿਚ ਭੇਜੇ ਜਾਣ ਵਾਲੇ ਬੱਚਿਆਂ ਦੀ ਉਮਰ ਨਿਸ਼ਚਤ ਕਰਨਾ ਔਖਾ ਹੈ, ਪਰ ਉਹ ਖਾਸ ਉਮਰ, ਜਿਥੇ ਬੱਚੇ ਦੀ ਜ਼ਿੰਮੇਵਾਰੀ ਆਰੰਭ ਹੋ ਜਾਂਦੀ ਹੈ, ਪਿਛੋਂ ਕੀਤਾ ਜੁਰਮ 'ਜੀਵੇਨਲ ਸ਼ਰਾਰਤ' ਹੈ, ਪਰ ਇਥੇ ਬੱਚੇ ਦੀ ਸਰੀਰਕ ਉਮਰ ਦੀ ਥਾਂ ਮਾਨਸਿਕ ਉਮਰ ਤੇ ਧਿਆਨ ਕੇਂਦਰਤ ਕੀਤਾ ਜਾਵੇ।

ਕੁਝ ਮਾਹਰਾਂ ਦਾ ਖ਼ਿਆਲ ਹੈ ਕਿ ਸਭ ਸ਼ਰਾਰਤੀ ਹੀ ਆਪਣੇ ਅਜੀਬ ਜਾਂ ਅਸਧਾਰਣ ਵਿਹਾਰ ਲਈ ਜ਼ਿੰਮੇਵਾਰ ਹੁੰਦੇ ਹਨ ਅਤੇ ਸਜ਼ਾ ਦੇ ਕੇ ਉਨ੍ਹਾਂ ਨੂੰ ਸੁਧਾਰ ਸਕਦੇ ਹਨ। ਉਮੀਦ ਕੀਤੀ ਜਾਂਦੀ ਹੈ ਕਿ ਉਨ੍ਹਾਂ ਨੂੰ ਬੜੀ ਕਠੋਰ ਸਜ਼ਾ ਦਿੱਤੀ ਜਾਵੇਗੀ। ਪਰ ਇਹ ਅਵਲੋਕਣ ਕੀਤਾ (ਵੇਖਿਆ) ਗਿਆ ਹੈ ਕਿ ਜਿਥੇ ਸਜ਼ਾ ਨਾਲ ਕੁਝ ਸ਼ਰਾਰਤੀ ਸੁਧਰ ਜਾਂਦੇ ਹਨ, ਵਧੇਰੇ ਉਤੇ ਇਸਦਾ ਮਾੜਾ/ਪੁੱਠਾ ਅਸਰ ਵੇਖਿਆ ਗਿਆ ਹੈ। ਉਹ ਜ਼ਾਲਮ ਅਤੇ ਗੰਦੇ ਬਣ ਜਾਂਦੇ ਹਨ। ਫਿਰ ਵੀ, ਮਨੋਵਿਗਿਆਨੀਆਂ ਦੀ ਰਾਏ ਹੈ ਕਿ ਸ਼ਰਾਰਤਪੁਣਾ ਇਕ ਬੀਮਾਰੀ ਹੈ ਜੋ ਮਨੋਵਿਸ਼ਲੇਸ਼ਣ ਨਾਲ ਸੁਧਰ ਸਕਦੀ ਹੈ।

### 2.4.4.1 ਸ਼ਰਾਰਤਪੁਣੇ/ਅਪਚਾਰੀ ਬੱਚਿਆਂ ਦੇ ਲਛਣ :

1. ਇਨ੍ਹਾਂ ਬੱਚਿਆਂ ਵਿਚ ਚੋਰੀ ਕਰਨ ਦੀ ਆਦਤ ਹੋ ਸਕਦੀ ਹੈ।
2. ਛੋਟੀਆਂ ਛੋਟੀਆਂ ਗਲਾਂ ਤੇ ਗੁੱਸੇ ਹੋ ਜਾਣਾ
3. ਸਕੂਲ ਅਤੇ ਸਮਾਜ ਦੀ ਸਰਵਜਨਕ ਸੰਪਤੀ ਦੀ ਤੋੜ-ਫੋੜ ਕਰਨੀ
4. ਸਕੂੁਲ ਦੇ ਅਤੇ ਸਮਾਜ ਦੇ ਨਿਯਮਾਂ ਦਾ ਵਿਰੋਧ
5. ਇਨ੍ਹਾਂ ਦਾ ਸਮਾਯੋਜਨ ਠੀਕ ਨਹੀਂ ਹੁੰਦਾ
6. ਇ ਚੁਪਚਾਪ,ਸੱਕਾਰ ਅਤੇ ਬਦਲਾ ਲੈਣ ਵਾਲੇ ਹੋ ਸਕਦੇ ਹਨ।
7. ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਨੈਤਿਕਤਾ ਦੀ ਕਮੀ ਹੋਣ ਕਾਰਨ ਹੀ ਬੱਚਿਆਂ ਵਿਚ ਅਪਚਾਰੀ ਵਿਵਹਾਰ ਹੁੰਦਾ ਹੈ।

### 2.4.4.2 ਸ਼ਰਾਰਤਪੁਣੇ/ਅਪਚਾਰਤਾ ਦੇ ਕਾਰਣ:

1. **ਸਰੀਰਕ ਕਾਰਣ**: ਜਿਵੇਂ ਸਰੀਰਕ ਵਿਗਾੜ, ਭਾਵੁਕਤਾ ਅਤੇ ਗ੍ਰੰਥੀਆਂ ਵਿਚ ਖਰਾਬੀ।
2. **ਭਾਵਨਾਤਮਕ ਕਾਰਣ**: ਇਹ ਵਿਰਾਸਤ ਚੋਂ ਮਿਲਦੇ ਹਨ।
3. **ਵਿਅਕਤੀਗਤ ਕਾਰਣ**: ਜੇਕਰ ਕਿਸੇ ਬੱਚੇ ਵਿਚ ਕੋਈ ਸਰੀਰਕ ਕਮਜ਼ੋਰੀ ਹੋਵੇ, ਤਾਂ ਉਹ ਮਹਿਸੂਸ ਕਰਨ ਲਗਦਾ ਹੈ ਕਿ ਉਸ ਵਿਚ ਕੋਈ ਕਮੀ ਹੈ, ਜਿਸ ਨਾਲ ਉਸ ਵਿਚ ਹੀਣ ਭਾਵਨਾ ਉਭਰਦੀ ਹੈ। ਜੇਕਰ ਲੋਕ ਉਸਦੀ ਸਰੀਰਕ ਕਮੀ ਤੇ ਹੱਸਦੇ ਹਨ, ਤਾਂ ਉਹ ਸਮਾਜ ਵਿਰੋਧੀ ਵਤੀਰਾ ਅਪਣਾ ਸਕਦਾ ਹੈ ਜੋ ਕਿ ਸਮਾਜ ਦੇ ਨਿਯਮਾਂ ਵਿਰੁੱਧ ਪ੍ਰਤੀਕ੍ਰਿਆ ਪੈਦਾ ਹੋਣ ਕਰਕੇ ਹੁੰਦਾ ਹੈ। ਅਜਿਹਾ ਬੱਚਾ ਸਮਾਜ ਨੂੰ ਨਸ਼ਟ ਕਰਨ ਦੀ ਕੋਸ਼ਿਸ਼ ਕਰੇਗਾ ਅਤੇ ਇਹੀ ਸੋਚੇਗਾ ਕਿ ਸਮਾਜ ਹੀ ਉਸਦੀ ਸਰੀਰਕ ਅਪਾਹਜਤਾ ਲਈ ਜ਼ਿੰਮੇਵਾਰ ਹੈ।

ਜੇਕਰ ਕਿਸੇ ਬੱਚੇ ਦੀ ਸਰੀਰਕ ਗਤੀਸ਼ੀਲਤਾ, ਹਿੱਲਜੁਲ ਤੇ ਕੰਮ ਕਰਨ ਸ਼ਕਤੀ ਦੂਜੇ ਵਿਦਿਆਰਥੀਆਂ (ਸਧਾਰਣ) ਤੋਂ ਤੇਜ ਹੋਵੇ, ਜਾਂ ਹੌਲੀ ਹੋਵੇ, ਤਾਂ ਅਜਿਹਾ ਬੱਚਾ ਵੀ ਵਿਦਿਆਰਥੀ ਦੇ ਸਮਾਯੋਜਨ ਵਿਚ ਸਮੱਸਿਆ ਆਉਂਦੀ ਹੈ। ਅਕਸਰ ਹੀ ਘੱਟ ਬੁੱਧੀ ਪੱਧਰ ਨਾਲ ਸਮਾਜ-ਵਿਰੋਧੀ ਵਿਵਹਾਰ ਨੂੰ ਉਤਸ਼ਾਹ ਮਿਲਦਾ ਹੈ। ਘੱਟ ਬੌਧਿਕ ਯੋਗਤਾ ਵਾਲਾ ਬੱਚਾ ਅਕਸਰ ਸਮਾਜਿਕ ਵਿਰੋਧੀ ਸਰਗਰਮੀਆਂ/ਗਤੀਵਿਧੀਆਂ ਵੱਲ ਛੇਤੀ ਆਕਰਸ਼ਤ ਹੁੰਦਾ ਹੈ।

4. **ਸਮਾਜਿਕ ਅਤੇ ਵਾਤਾਵਰਣਕ ਕਾਰਕ**:

ਕੁਝ ਬੱਚੇ ਜਾਂ ਵਿਦਿਆਰਥੀ ਕੁਝ ਸਰੀਰਕ ਤਰੁੱਟੀਆਂ ਜਾਂ ਕਮਜ਼ੋਰੀਆਂ ਕਰਕੇ ਵੀ ਸ਼ਰਾਰਤੀ ਬਣ ਜਾਂਦੇ ਹਨ, ਹੈਡਫੀਲਡ ਅਜਿਹੇ ਸ਼ਰਾਰਤੀ ਬੱਚਿਆਂ ਨੂੰ ਸ਼ੁਭਾਵੀ ਸ਼ਰਾਰਤੀ ਮੰਨਦੇ ਹਨ।

### 2.4.4.3 ਸ਼ਰਾਰਤ/ਅਪਚਾਰ ਰੋਕਣ ਲਈ ਸੁਝਾਉ:

1. **ਘਰ ਦਾ ਸੁਖਾਵਾਂ ਮਾਹੌਲ** ਅਧਿਆਪਕਾਂ ਨੂੰ ਆਪਣੇ ਘਰਾਂ ਵਿਚ ਚੰਗਾ ਮਾਹੌਲ/ਵਾਤਾਵਰਣ ਸਿਰਜਣ ਵਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ। ਘੱਟੋ ਘੱਟ ਬੱਚਿਆਂ ਦੇ ਸਾਹਮਣੇ ਜਾਂ ਉਨ੍ਹਾਂ ਦੀ ਮੌਜੂਦਗੀ ਵਿਚ ਤਾਂ ਲੜਨਾ-ਝਗੜਨਾ

ਨਹੀਂ ਚਾਹੀਦਾ ਅਤੇ ਚੰਗੇ ਵਿਵਹਾਰ ਦੇ ਨਿਯਮ/ਅਸੂਲਾਂ ਦੀ ਪਾਲਣਾ ਕਰਨੀ ਚਾਹੀਦੀ ਹੈ।

2. **ਬੱਚਿਆਂ ਪ੍ਰਤੀ ਸਹੀ ਦ੍ਰਿਸ਼ਟੀਕੋਣ ਅਪਣਾਉਣ:** ਅਧਿਆਪਕ ਨਾ ਤਾਂ ਬਹੁਤ ਹੀ ਕਠੋਰ ਅਤੇ ਨਾ ਹੀ ਬਹੁਤ ਨਰਮ ਹੋਣੇ ਚਾਹੀਦੇ ਹਨ। ਉਨ੍ਹਾਂ ਨੂੰ ਬੱਚਿਆਂ ਪ੍ਰਤੀ ਹਮਦਰਦੀ ਵਾਲੇ ਵਤੀਰੇ ਨਾਲ ਪੇਸ਼ ਆਉਣਾ ਚਾਹੀਦਾ ਹੈ। ਉਨ੍ਹਾਂ ਨੂੰ ਬੱਚਿਆਂ ਦੀਆਂ ਔਕੜਾਂ ਦੇ ਹੱਲ ਲੱਭਣ ਵੱਲ ਧਿਆਨ ਦੇਣਾ ਚਾਹੀਦਾ ਹੈ। ਬੱਚਿਆਂ ਨੂੰ ਇਹ ਅਹਿਸਾਸ ਕਰਵਾਇਆ ਜਾਵੇ ਕਿ ਜ਼ਰਾ ਕੁ ਔਕੜ ਪੈਣ ਤੇ ਵੀ ਅਧਿਆਪਕ ਉਨ੍ਹਾਂ ਦੀ ਮਦਦ ਲਈ ਉਨ੍ਹਾਂ ਨਾਲ ਹੈ।

3. **ਵਿਦਿਆਰਥੀਆਂ ਦੀਆਂ ਮਾੜੀਆਂ ਆਦਤਾਂ ਪ੍ਰਤੀ ਸਾਕਾਰਤਮਕ ਨਜ਼ਰੀਆ:** ਇਕ ਬੱਚਾ ਜਦ ਪੈਦਾ ਹੁੰਦਾ ਹੈ ਤਾਂ ਉਹ ਆਦਤਾਂ ਆਪਣੇ ਨਾਲ ਨਹੀਂ ਲੈ ਕੇ ਆਉਂਦਾ। ਅਵੱਗਿਆ, ਜ਼ਿੱਦੀਪੁਣਾ, ਲੜਾਕੂ ਵਿਹਾਰ, ਆਦਿ ਜਮਾਂਦਰੂ ਨਹੀਂ। ਅਜਿਹਾ ਵਤੀਰਾ ਤਾਂ ਬੱਚੇ ਵਲੋਂ ਮਾੜੀਆਂ ਭੂਗੋਲਿਕ ਸਥਿਤੀਆਂ ਮਿਲਣ ਤੇ ਅਪਣਾਇਆ ਜਾਂਦਾ ਹੈ। ਬੱਚੇ ਦਾ ਸੁਭਾਅ, ਉਸਦੀਆਂ ਰੁਚੀਆਂ, ਆਦਤਾਂ, ਵਿਵਹਾਰ ਆਦਿ ਸਭ ਉਸ ਤੇ ਨਿਰਭਰ ਕਰਦੇ ਹਨ, ਜੋ ਕੁਝ ਬੱਚਾ ਆਪਣੇ ਮਾਪਿਆਂ ਤੋਂ ਪ੍ਰਾਪਤ ਕਰਦਾ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਮਾਪੇ ਬੱਚਿਆਂ ਦੀਆਂ ਮਾੜੀਆਂ ਆਦਤਾਂ ਪ੍ਰਤੀ ਹਾਂ-ਪੱਖੀ ਨਜ਼ਰੀਆ ਰੱਖਣ। ਉਨ੍ਹਾਂ ਨੂੰ ਬੱਚੇ ਦੇ ਮਾੜੇ ਵਿਵਹਾਰ ਦੇ ਅਸਲੀ ਕਾਰਣ ਲੱਭਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਅਕਸਰ ਆਜਿਹਾ ਹੁੰਦਾ ਹੇ ਕਿ ਮਾਪੇ ਆਪਣੇ ਬੱਚੇ ਦੇ ਮਾੜੇ ਵਿਵਹਾਰ ਦਾ ਅਸਲੀ ਕਾਰਣ ਜਾਣਨ ਦੀ ਕੋਸ਼ਿਸ਼ ਕੀਤੇ ਬਿਨਾਂ ਹੀ ਆਪਣੇ ਹੀ ਪੱਧਰ ਤੇ ਕਠੋਰ ਸਰੀਰਕ ਸਜ਼ਾ ਦੇ ਕੇ ਉਨ੍ਹਾਂ ਦੇ ਵਿਚ ਸੁਧਾਰ ਲਿਆਉਣ ਦਾ ਅਸਫ਼ਲ ਯਤਨ ਕਰਦੇ ਹਨ। ਅਜਿਹਾ ਬਹੁਤ ਮਾੜਾ ਰੁਝਾਨ ਹੈ ਅਤੇ ਅਕਸਰ ਬੱਚੇ ਵਿਚ ਗੁੰਝਲਦਾਰ ਸਮੱਸਿਆਵਾਂ ਅਤੇ ਤੀਬਰ ਗੈਰ ਸਮਾਜਿਕ ਵਤੀਰੇ ਦੇ ਵਿਕਾਸ ਵਿਚ ਸਹਾਈ ਹੁੰਦਾ ਹੈ। ਮਾਪਿਆਂ ਨੂੰ ਠਰ੍ਹੰਮੇ ਤੋਂ ਕੰਮ ਲੈਣਾ ਚਾਹੀਦਾ ਹੈ, ਅਤੇ ਕਦੀ ਵੀ ਗੁੱਸੇ ਵਿਚ ਨਹੀਂ ਆਉਂਣਾ ਚਾਹੀਦਾ ਹੈ। ਪਿਆਰ, ਹਮਦਰਦੀ ਅਤੇ ਸਨੇਹ ਨਾਲ ਸਭ ਮਾੜੀਆਂ ਆਦਤਾਂ ਸੁਧਾਰੀਆਂ ਜਾ ਸਕਦੀਆਂ ਹਨ। ਅਜਿਹਾ ਮਨੋਵਿਗਿਆਨੀਆਂ ਦਾ ਖ਼ਿਆਲ ਹੈ।

4. **ਮੁੜ ਸਿੱਖਿਆ** : ਗੈਰ-ਸਮਾਜੀ ਵਤੀਰਾ ਤਾਂ ਬੱਚਾ ਸਿੱਖ ਹੀ ਚੁੱਕਾ ਹੁੰਦਾ ਹੈ।

   ਮੁੜ-ਸਿੱਖਿਆ ਦਾ ਉਦੇਸ਼ ਉਸਨੂੰ ਕੋਈ ਅਕਾਦਮਿਕ ਸੂਚਨਾ/ਜਾਣਕਾਰੀ ਦੇਣ ਦੀ ਥਾਂ ਉਸਦੇ ਆਪੇ ਦਾ ਨਿਰਮਾਣ ਕਰਨਾ ਹੈ, ਜਿਸ ਲਈ ਬੱਚੇ ਨੂੰ ਲਿੰਗੀ ਸਮੱਸਿਆਵਾਂ ਅਤੇ ਪਰਿਵਾਰਕ ਸੰਬੰਧਾਂ ਸੰਬੰਧੀ ਸੂਚਨਾ ਦੇਣ ਦੀ ਲੋੜ ਹੁੰਦੀ ਹੈ। ਮੁੜ-ਸਿੱਖਿਆ ਪ੍ਰਦਾਨ ਕਰਨ ਦਾ ਬੱਚਿਆਂ ਦੇ ਵਿਚਾਰਾਂ ਅਤੇ ਵੱਖ-ਵੱਖ ਔਕੜਾ ਬਾਰੇ ਉਨ੍ਹਾਂ ਨੂੰ ਸਪੱਸ਼ਟਤਾ ਪ੍ਰਦਾਨ ਕਰਨਾ ਹੈ।

5. **ਸ੍ਵੈ-ਪ੍ਰਗਟਾਓ:** ਵਿਦਿਆਰਥੀਆਂ ਨੂੰ ਉਨ੍ਹਾਂ ਦੀਆ ਸਮੱਸਿਆਵਾਂ, ਭਾਵਨਾਵਾਂ, ਮਨੋ-ਭਾਵਾਂ ਅਤੇ ਵਿਚਾਰਾਂ ਦੇ ਉੱਚਿਤ, ਢੁਕਵੇਂ ਅਤੇ ਸੰਪੂਰਨ ਪ੍ਰਗਟਾਉ ਦਾ ਪੂਰਾ ਤੇ ਵੱਧ ਤੋਂ ਵੱਧ ਮੌਕਾ ਦੇਣਾ ਚਾਹੀਦਾ ਹੈ। ਇਸ ਲਈ ਬੱਚੇ ਨੂੰ ਬਹਿਸ ਦਾ ਮੌਕਾ ਦਵੋ। ਥੀਰੈਪਿਸਟ ਨਾਲ ਬੱਚਾਂ ਆਪਣੀ ਗੱਲ ਸਾਂਝੀ ਕਰ ਸਕਦਾ ਹੈ। ਇਸ ਲਈ ਮੁਕਤ-ਸੰਬੰਧ, ਮਨੋ-ਨਾਟਕ ਅਤੇ ਖੇਡ ਤਕਨੀਕ ਆਪਣਾਏ ਜਾ ਸਕਦੇ ਹਨ।

6. **ਮਨਾਉਣ ਵਿਧੀ:** ਥੀਰੈਪਿਸਟ ਸ਼ਰਾਰਤੀ ਬੱਚੇ ਨੂੰ ਗ਼ਲਤ ਹਰਕਤਾਂ ਨਾ ਕਰਨ ਲਈ ਮਨਾ ਸਕਦਾ ਹੈ। ਇਸ ਲਈ ਬੱਚੇ ਸਾਹਮਣੇ ਤਰਕ ਵਿਤਰਕ ਪੇਸ਼ ਕੀਤੇ ਜਾ ਸਕਦੇ ਹਨ। ਅਜਿਹੀ ਗੱਲ ਕੀਤੀ ਜਾਵੇ, ਜੋ ਬੱਚੇ ਦੇ ਦਿਲ ਨੂੰ ਛੋਹੇ। ਪਰ ਕਿਹਾ ਜਾਂਦਾ ਹੇ ਕਿ ਇਸ ਨਾਲ ਸਿਰਫ਼ ਲੱਛਣਾਂ ਤੋਂ ਹੀ ਛੁਟਕਾਰਾ ਮਿਲਦਾ ਹੈ ਅਤੇ ਵਿਚਲੇ ਕਾਰਣ ਦਾ ਖਾਤਮਾ ਨਹੀਂ ਹੁੰਦਾ।

7. **ਸੁਝਾਓ ਅਤੇ ਸਲਾਹਕਾਰੀ:** ਤੁਸੀਂ ਇਹ ਗੱਲ ਤਾਂ ਮੰਨਦੇ ਹੋ ਨਾਂਹ, ਕਿ ਹਰ ਕੋਈ ਸੁਝਾਅਤਮਕ ਹੁੰਦਾ ਹੈ, ਖਾਸ ਕਰਕੇ (ਬਾਲਗਾਂ ਦੇ ਮੁਕਾਬਲੇ) ਬੱਚੇ, ਅਤੇ ਬੱਚਿਆਂ (ਸ਼ਰਾਰਤੀ) ਦੀ ''ਸੁਪਰ ਈਗੋ'' ਨੂੰ ਮਜਬੂਤ ਬਣਾਉਣ ਲਈ ਬੱਚਿਆਂ ਨੂੰ ਹਾਂ-ਪੱਖੀ ਸੁਝਾਉ ਦਿੱਤੇ ਜਾਣੇ ਚਾਹੀਦੇ ਹਨ।

8. **ਵਾਤਾਵਰਣ ਟਰੀਟਮੈਂਟ:** ਵਿਦਿਆਰਥੀ ਦੀ ਘਰੇਲੂ ਅਤੇ ਸਕੂਲੀ ਮਾਹੌਲ ਵਿਚ ਸੁਧਾਰ ਕਰਕੇ ਵਾਤਾਵਰਣ ਟਰੀਟਮੈਂਟ ਦਿੱਤੀ ਜਾ ਸਕਦੀ ਹੈ। ਮਾਪਿਆਂ ਨੂੰ ਆਪਣੇ ਵਤੀਰੇ ਵਿਚ ਤਬਦੀਲੀ ਲਿਆਉਣ ਦਾ ਸੁਝਾਉ ਦਿੱਤਾ

ਜਾਂਦਾ ਹੈ, ਅਤੇ ਬੱਚੇ ਨਾਲ ਵਧੀਆ ਵਿਹਾਰ ਕੀਤਾ ਜਾਂਦਾ ਹੈ। ਕੁਝ ਮਨੋਵਿਗਿਆਨਕਾਂ ਦਾ ਖ਼ਿਆਲ ਹੈ ਕਿ ਸ਼ਰਾਰਤੀ ਬੱਚੇ ਨੂੰ ਕੁਝ ਦੇਰ ਲਈ ਕਿਸੇ ਹੋਰ ਚੰਗੇ ਮਾਹੌਲ ਵਿਚ ਲਿਆਂਦਾ ਜਾ ਸਕਦਾ ਹੈ, ਖਾਸ ਕਰਕੇ ਲੌਜਿੰਗ ਜਾਂ ਫੌਸਟਰ ਰੂਮ ਵਿਚ। ਉਮੀਦ ਕੀਤੀ ਜਾਂਦੀ ਹੈ ਜਦ ਬੱਚੇ ਨੂੰ ਨਵੇਂ ਮਾਹੌਲ ਵਿਚ ਰੱਖਿਆ ਜਾਂਦਾ ਹੈ ਤਾਂ ਉਹ ਆਪਣੇ ਮਾੜੇ ਵਿਵਹਾਰ ਨੂੰ ਛੱਡ ਦਿੰਦਾ ਹੈ ਅਤੇ ਨਵੇਂ ਸਿਰੇ ਤੋਂ ਆਪਣੀ ਜ਼ਿੰਦਗੀ ਆਰੰਭ/ਆਗਾਜ਼ ਕਰਦਾ ਹੈ।

9. **ਵਿਹਾਰ ਸੁਧਾਰ ਦੀਆਂ ਨਵੀਆਂ/ਆਧੁਨਿਕ ਤਕਨੀਕਾਂ:** ਲਗਭਗ ਸਭ ਮਨੋਵਿਗਿਆਨੀਆਂ ਦਾ ਖ਼ਿਆਲ ਹੈ ਕਿ ਸ਼ਰਾਰਤੀ ਬੱਚੇ, ਇੰਝ ਜਨਮਦੇ ਨਹੀਂ, ਸਗੋਂ ਵਾਤਾਵਰਣ ਪ੍ਰਭਾਵ ਦਾ ਉਤਪਾਦ ਹੁੰਦੇ ਹਨ। ਗੈਰ-ਸਮਾਜੀ ਵਿਵਹਾਰ ਤਾਂ ਸਮਾਜ ਤੋਂ ਸਿੱਖ ਕੇ ਹੀ ਅਪਣਾਇਆ ਹੁੰਦਾ ਹੈ, ਜਿਸ ਕਰਕੇ ਇਸ ਤੋਂ ਛੁਟਕਾਰਾਂ ਪਾਉਣ ਲਈ ਇਸ ਚੀਜ਼ ਨੂੰ ਖ਼ਿਆਲ ਵਿਚ ਰਖਣਾ ਜ਼ਰੂਰੀ ਹੈ।
10. ਚੰਗੇ ਤੇ ਉੱਚੇ ਨੈਤਿਕ ਚਰਿੱਤਰ ਵਾਲੇ ਸਿਖਲਾਈ ਪ੍ਰਾਪਤ ਅਧਿਆਪਕਾਂ ਦੀ ਲੋੜ ਹੈ।
11. ਹਰੇਕ ਬੱਚੇ ਨੂੰ ਉਸਦੀਆਂ ਰੁਚੀਆਂ ਅਤੇ ਯੋਗਤਾਵਾਂ ਅਨੁਸਾਰ ਸਿੱਖਿਆ ਦਵੋ।
12. ਅਧਿਆਪਕਾਂ ਨੂੰ ਆਪਣੇ ਆਪ ਵਿਚ ਸ੍ਵੈ-ਵਿਸ਼ਵਾਸ ਹੋਣਾ ਚਾਹੀਦਾ ਹੈ, ਅਤੇ ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਪਾਠ ਵਿਧੀ ਨੂੰ ਰੌਚਿਕ ਬਣਾਉਣ।
13. ਅਧਿਆਪਕਾਂ ਨੂੰ ਅਧਿਆਪਨ ਲਈ ਢੁਕਵੀਂ ਸਾਮਗਰੀ ਇਕੱਤਰ ਕਰਨੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ ਪਾਠ-ਪੁਸਤਕਾਂ ਤੋਂ ਬਿਨਾਂ ਹੋਰ ਚੰਗੇ ਪੱਧਰ ਦੀਆਂ ਚੰਗੀਆਂ ਪੁਸਤਕਾਂ ਵੀ ਪੜ੍ਹਨੀਆਂ ਚਾਹੀਦੀਆਂ ਹਨ।
14. ਸਕੂਲ ਵਿਚ ਵਿਦਿਆਰਥੀਆਂ ਨੂੰ ਸਿਹਤਮੰਦ ਮਨੋਰੰਜਨ ਦੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਜਾਣ।
15. ਅਧਿਆਪਕਾਂ ਨੂੰ ਉੱਚ ਪੱਧਰ ਅਧਿਆਪਨ ਢੰਗ ਵਰਤਣੇ ਚਾਹੀਦੇ ਹਨ।
16. ਘਰਾਂ ਅਤੇ ਸਕੂਲਾਂ ਵਿਚ ਸਹੀ ਤਾਲਮੇਲ ਹੋਣਾ ਜ਼ਰੂਰੀ ਹੈ।
17. ਵਿਦਿਆਰਥੀਆਂ ਦੀ ਅਗਵਾਈ ਲਈ ਉੱਚਿਤ ਪ੍ਰਬੰਧ ਕੀਤਾ ਜਾਵੇ।

**2.4.5 ਵਿਦਿਅਕ ਤੌਰ ਤੇ ਪੱਛੜੇ ਬੱਚੇ**

ਇਹ ਉਹ ਬੱਚੇ ਹਨ ਜਿਨ੍ਹਾਂ ਦਾ ਬੁੱਧੀ ਅਕਸਰ 90 ਤੋਂ ਘੱਟ ਹੁੰਦਾ ਹੈ।ਪੱਛੜੇਪਨ ਦਾ ਕਾਰਨ ਅਨੁਵੰਸ਼ਿਕ ਵੀ ਹੋ ਸਕਦਾ ਹੈ ਅਤੇ ਵਾਤਾਵਰਨ ਨਾਲ ਸੰਬੰਧਿਤ ਵੀ ਹੋ ਸਕਦਾ ਹੈ।ਗੁਣ-ਸੂਤਰਾਂ ਵਿੱਚ ਵਿਕਾਰ ਕਾਰਨ ਬੱਚਿਆਂ ਵਿੱਚ ਪੱਛੜਾਪਨ ਹੋ ਸਕਦਾ ਹੈ।ਗਰਭ ਅਵਸਥਾ ਵਿਚ ਜਾਂ ਜਨਮ ਸਮੇਂ ਕੋਈ ਸੱਟ,ਬਿਮਾਰੀ ਅਤੇ ਮਨੋ-ਸਮਾਜਿਕ ਕਾਰਣਾਂ ਕਾਰਨ ਵੀ ਪੱਛੜਾਪਨ ਹੋ ਸਕਦਾ ਹੈ।

**2.4.5.1 ਵਿਦਿਅਕ ਤੌਰ ਤੇ ਪੱਛੜੇ ਵਿਦਿਆਰਥੀਆਂ ਦੀ ਪਹਿਚਾਣ**

- ਅਧਿਪਕਾਂ ਅਤੇ ਮਾਪਿਆਂ ਦਾ ਨਿਰੀਖਣ ਅਜਿਹੇ ਬੱਚਿਆਂ ਲਈ ਸਹਾਈ ਹੋ ਸਕਦਾ ਹੈ।ਬੱਚਿਆਂ ਵਿੱਚ ਉਦਾਸੀਨਤਾ ਅਤੇ ਥਕਾਵਟ ਦਾ ਰਹਿਣਾ,ਹਦਾਇਤਾਂ ਨੂੰ ਠੀਕ ਢੰਗ ਨਾਲ ਨਾ ਸਮਝਣਾ,ਧਿਆਨ ਦੀ ਘਾਟ ਹੋਣ,ਸਿਹਤ ਠੀਕ ਨਾ ਰਹਿਣਾ ਆਦਿ ਕਿਰਿਆਵਾਂ ਤੋਂ ਇਨ੍ਹਾਂ ਦੀ ਪਹਿਚਾਣ ਹੋ ਸਕਦੀ ਹੈ।
- ਬੁੱਧੀ ਪਰੀਖਿਆਵਾਂ ਰਾਹੀਂ ਵੀ ਇਨ੍ਹਾਂ ਦੀ ਪਹਿਚਾਣ ਹੋ ਸਕਦੀ ਹੈ।
- ਪ੍ਰਾਪਤੀ ਪਰੀਖਣਾਂ ਰਾਹੀਂ ਵੀ ਸਕੂਲੀ ਵਿਸ਼ਿਆਂ ਵਿੱਚ ਪ੍ਰਾਪਤੀ ਦਾ ਪਤਾ ਲਗਾਇਆ ਜਾ ਸਕਦਾ ਹੈ।
- ਕੇਸ ਅਧਿਐਨ ਵੀ ਇਨ੍ਹਾਂ ਦੀ ਪਹਿਚਾਣ ਕਰਨ ਸਹਾਈ ਹੋ ਸਕਦੇ ਹਨ।

**2.4.5.2 ਪੱਛੜੇ ਬੱਚਿਆਂ ਦੀ ਸਿੱਖਿਆ:**ਇੰਨ੍ਹਾਂ ਦੀ ਸਿੱਖਿਆ ਲਈ ਹੇਠ ਲਿਖੇ ਸੁਭਾਅ ਸਹਾਈ ਹੋ ਸਕਦੇ ਹਨ

- ਹਕੇਕ ਜਮਾਤ ਵਿਚ ਇਨ੍ਹਾਂ ਵੱਲ ਵਿਅਕਤੀਗਤ ਧਿਆਨ ਦਿੱਤਾ ਜਾਵੇ।
-ਇਨ੍ਹਾਂ ਬੱਚਿਆਂ ਲਈ ਵਿਸ਼ੇਸ਼ ਜਮਾਤਾਂ ਦਾ ਪ੍ਰਬੰਧ ਵੀ ਕੀਤਾ ਜਾ ਸਕਦਾ ਹੈ ਤਾਂ ਕਿ ਇਹ ਔਸਤਨ ਬੱਚਿਆਂ ਨਾਲ ਬੈਠਦੇ ਹੋਏ ਝਿਜਕ ਮਹਿਸੂਸ ਨਾ ਕਰਨ ਇਨ੍ਹਾਂ ਨੂੰ ਪੜ੍ਹਾਉਣ ਦੇ ਢੰਗ ਵੀ ਇਨ੍ਹਾਂ ਦੇ ਮਾਨਸਿਕ ਪੱਧਰ ਅਨੁਸਾਰ ਹੀ ਹੋਣੇ ਚਾਹੀਦੇ ਹਨ।
- ਵਿਸ਼ੇਸ਼ ਸਕੂਲ ਵੀ ਇਨ੍ਹਾਂ ਵਿਦਿਆਰਥੀਆਂ ਲਈ ਸਹਾਈ ਹੋ ਸਕਦੇ ਹਨ।

– ਪੀਰੀਅਡ ਦਾ ਸਮਾਂ ਵੀ ਘੱਟ ਹੋਣਾ ਚਾਹੀਦਾ ਹੈ

– ਧਿਆਨ ਦੀ ਕਮੀ ਕਾਰਨ ਵਿਸ਼ਾ-ਵਸਤੂ ਨੂੰ ਛੋਟੀਆਂ ਇਕਾਈਆਂ ਵਿੱਚ ਵੰਡ ਲੈਣਾ ਚਾਹੀਦਾ ਹੈ।

– ਇਨ੍ਹਾਂ ਬੱਚਿਆਂ ਦੀ ਵਿਦਿਅਕ ਪ੍ਰਗਤੀ ਦਾ ਅਤੇ ਕੁਸ਼ਲਤਾਵਾਂ ਦੇ ਵਿਕਾਸ ਦਾ ਮੁਲਾਂਕਣ ਉਸ ਦੀਆਂ ਦੀ ਪੂਰਵ-ਪ੍ਰਾਪਤੀਆਂ ਨਾਲ ਕੀਤਾ ਜਾਣਾ ਚਾਹੀਦਾ ਹੈ।

ਇਸ ਤੋਂ ਇਲਾਵਾ ਇਨ੍ਹਾਂ ਦਾ ਮੈਡੀਕਲ ਚੈਕ-ਅੱਪ ਕਰਵਾਉਦੇ ਰਹਿਣਾ ਚਾਹੀਦਾ ਹੈ।

**2.5.6 ਸਾਰੰਸ਼** :-

ਸਮੁੱਚੇ ਪਾਠ ਦਾ ਸਿੱਟਾ ਇਹ ਨਿਕਲਦਾ ਹੈ ਕਿ ਉਹ ਬੱਚੇ ਜੋ ਕਿ ਸਰੀਰਕ ਜਾਂ ਮਾਨਸਿਕ ਤੌਰ ਤੇ ਅਸਧਾਰਣ ਹੋਣ,ਉਹ ਵਿਸ਼ੇਸ਼ ਬੱਚੇ ਹੁੰਦੇ ਹਨ।ਅਜਿਹੇ ਬੱਚਿਆਂ ਨੂੰ (i) ਸਰੀਰਕ ਤੌਰ ਤੇ ਜਾਂ (ii) ਮਾਨਸਿਕ ਤੌਰ ਤੇ ਅਪਾਹਜ ਬੱਚੇ ਕਿਹਾ ਜਾ ਸਕਦਾ ਹੈ ਅਤੇ ਕਈ (iii) ਜ਼ਹੀਨ ਬੱਚੇ ਵੀ ਹੁੰਦੇ ਹਨ।

120 ਤੋਂ ਉਤੇ ਬੁੱਧੀ ਫ਼ਲ ਵਾਲੇ ਬੱਚੇ/ਵਿਅਕਤੀ ਹੀ ਜ਼ਹੀਨ ਹੁੰਦੇ ਹਨ।ਅਜਿਹੇ ਬੱਚੇ ਸਧਾਰਣ ਬੱਚਿਆਂ ਤੋਂ ਭਿੰਨ ਹੋਣ ਕਰਕੇ ਵਧ ਸਿੱਖਿਆ ਤੇ ਉੱਨਤੀ ਦੇ ਮੌਕੇ ਮੰਗਦੇ ਹਨ। ਜ਼ਹੀਨ ਬੱਚਿਆਂ ਦੀ ਪਛਾਣ ਲਈ ''ਸਾਮਗਰੀ'' ਪ੍ਰੀਖਣ ਲਗਾਏ ਜਾ ਸਕਦੇ ਹਨ। ਉਨ੍ਹਾਂ ਦੇ ਅਧਿਆਪਨ ਸਮੇਂ, ਉਨ੍ਹਾਂ ਦੇ ਮਾਨਸਿਕ ਵਿਕਾਸ ਨੂੰ ਸਾਹਮਣੇ ਰੱਖਿਆ ਜਾਵੇ , ਸਮਾਜਿਕ ਵਿਕਾਸ ਨੂੰ ਵੀ, ਤਾਂ ਜੋ ਉਹ ਆਪਣੀ ਜ਼ਿੰਦਗੀ ਵਿਚ ਸਹੀ ਸਮਾਯੋਜਨ ਹਾਸਲ ਕਰ ਸਕਣ।

ਮਾਨਸਿਕ ਤੌਰ ਤੇ ਅਪਾਹਜ ਬੱਚੇ ਸਧਾਰਣ ਬੱਚਿਆਂ ਤੋਂ ਇਸ ਲਈ ਭਿੰਨ ਹੁੰਦੇ ਹਨ, ਕਿਉਂਕਿ ਉਨ੍ਹਾਂ ਦਾ ਨਾਂਹ-ਪੱਖੀ ਮਾਨਸਿਕ ਵਿਕਾਸ ਹੁੰਦਾ ਹੈ। ਉਨ੍ਹਾਂ ਦੀ ਨਿਮਨ ਪੱਧਰੀ ਮਾਨਸਿਕ ਉੱਨਤੀ, ਸੀਮਤ ਬੁੱਧੀ ਤੇ ਸੰਕੁਚਤ ਸਮਾਜਿਕ ਸਮਰਥਾ ਉਨ੍ਹਾਂ ਦੀ ਜਿੰਦਗੀ ਦੇ ਰਾਹ ਵਿਚ ਰੋੜਾ ਬਣਦੀ ਹੈ। ਆਮ ਤੌਰ ਤੇ ਇਹ ਮੰਨਿਆ ਜਾਂਦਾ ਹੈ ਕਿ ਇਨ੍ਹਾਂ ਬੱਚਿਆਂ ਦਾ ਬੁੱਧੀ ਟੂਲ 70 ਤੋਂ ਘੱਟ ਹੁੰਦਾ ਹੈ। ਪਰ ਕੁਝ ਮਨੋਵਿਗਿਆਨੀਆਂ ਦੀ ਰਾਏ ਹੈ ਕਿ ਪਛੜੇ ਬੱਚੇ ਵੀ ਇਸ ਸ਼੍ਰੇਣੀ ਵਿਚ ਰੱਖੇ ਜਾ ਸਕਦੇ ਹਨ।

**2.5.7 ਸੁਝਾਏ ਪ੍ਰਸ਼ਨ**

(ੳ) ਵਿਸ਼ੇਸ਼ ਬੱਚੇ ਕੌਣ ਹਨ? ਇਨ੍ਹਾਂ ਦੀਆਂ ਕਿਸਮਾਂ ਦੱਸੋ।

(ਅ) ਜ਼ਹੀਨ ਬੱਚਿਆਂ ਦੀ ਪਛਾਣ ਕਿਵੇਂ ਕੀਤੀ ਜਾ ਸਕਦੀ ਹੈ?

(ੲ) ਸ਼ਰਾਰਤੀ ਸੁਭਾਅ ਕੀ ਹੈ ? ਕਾਰਣ ਤੇ ਇਲਾਜ ਦੱਸੋ।

(ਸ) ਮਾਨਸਿਕ ਤੌਰ ਤੇ ਅਪਾਹਜ ਬੱਚੇ ਕੌਣ ਹਨ ? ਉਨ੍ਹਾਂ ਨੂੰ ਕਿਵੇਂ ਪੜ੍ਹਾਇਆ ਜਾ ਸਕਦਾ ਹੈ?

**2.5.8 ਸੁਝਾਈ ਪੁਸਤਕ ਸੂਚੀ ਅਤੇ ਵੈਬ ਸੋਮੇ**

1. ਸਿੱਖਿਆ ਮਨੋਵਿਗਿਆਨ – ਅਗਿਆਜੀਤ ਸਿੰਘ

2. ਉੱਚਤਰ ਸਿੱਖਿਆ ਮਨੋਵਿਗਿਆਨ – ਮੀਨਾਕਸ਼ੀ ਸ਼ਰਮਾ

3. ਉੱਚਤਰ ਸਿੱਖਿਆ ਮਨੋਵਿਗਿਆਨ (ਅੰਗਰੇਜ਼ੀ) – ਐਸ.ਐਸ.ਚੌਹਾਨ

**ਵੈਬ ਸੋਮੇ**

1. en.wikipedia.org
2. books.google.co.in

WEB SOURCES FOR B.A – Part-2, EDUCATION SEM-4, PAPER-TEACHING LEARNING PROCESS (Punjabi medium)


1. https://www.sciencedirect.com/topics/social-sciences/conception-of-teaching
2. https://www.psychologydiscussion.net/learning/learning-meaning-nature-types-and-theories-of-learning/652
3. http://www.vkmaheshwari.com/WP/?p=2286
4. https://onlinedegrees.sandiego.edu/complete-list-teaching-methods/
5. https://www.yourarticlelibrary.com/motivation/motivation-concept-and-significance-of-motivation/28020
6. https://www.verywellfamily.com/what-are-special-needs-3106002
7. https://en.m.wikipedia.org/wiki/Special_needs
8. https://www.gettingsmart.com/2016/08/15-actionable-strategies-for-increasing-student-motivation-and-engagement/
9. https://www.yourarticlelibrary.com/motivation/motivation-concept-and-significance-of-motivation/28020
10. https://www.tetsuccesskey.com/2015/01/maxims-principle-of-teaching-ctet.html